ਪ੍ਰਕਾਸ਼ਨ ਨੰ: 227

# ਭਗਤ ਨਾਮ ਦੇਵ ਜੀ

## (ਜੀਵਨ ਤੇ ਵਿਚਾਰਧਾਰਾ)

ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

5 ਰੁਪਏ

# ਭਗਤ ਨਾਮਦੇਵ ਜੀ : ਜੀਵਨ ਤੇ ਵਿਚਾਰਧਾਰਾ

ਲੇਖਕ : ਸ: ਕਿਰਪਾਲ ਸਿੰਘ 'ਚੰਦਨ'

ਪੇਸ਼ਕ ਕਰਤਾ - ਗਿ. ਸਰੂਪ ਸਿੰਘ ਰਤਿਆਣਾ
VPO - ਰਤਿਆਣਾ ਤਹਿ: ਫਿਲੌਰ (ਜਲੰਧਰ)
98150 - 03075.

*ਮਿਲਣ ਦੇ ਪਤੇ :*

**ਸਿੱਖ ਮਿਸ਼ਨਰੀ ਕਾਲਜ (ਰਜਿ:)**

1051/14, ਫ਼ੀਲਡ ਗੰਜ, ਲੁਧਿਆਣਾ-141 008 ਫੋਨ : 0161-2663452

*ਦਿੱਲੀ ਸਬ-ਆਫ਼ਿਸ :*

C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫੋਨ : 011-25413986

*ਜਲੰਧਰ ਆਫ਼ਿਸ :*

ਕੰਵਰ ਸਤਨਾਮ ਸਿੰਘ ਚੈਰੀਟੇਬਲ ਕੰਪਲੈਕਸ, ਮਾਡਲ ਹਾਊਸ ਰੋਡ, ਬਸਤੀ ਸ਼ੇਖ,
ਜਲੰਧਰ-144 002 ਫੋਨ : 0181-2430547

*ਜੰਮੂ ਸਬ-ਆਫਿਸ :*

36, ਗੁਰਦੁਆਰਾ ਸਿੰਘ ਸਭਾ ਕੰਪਲੈਕਸ, ਸੈਕਟਰ-2, ਗੁਰੂ ਨਾਨਕ ਨਗਰ, ਜੰਮੂ।
ਫੋਨ : 0191-2439489

**Website : www.sikhmissionarycollege.net**
**E-mail : smcludh@satyam.net.in**

*ਟਾਈਪਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ : 2203346*
*ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।*

ਰੁ. / ਕੁੱਲ ਪੰਨੇ - 32.

# ਤਤਕਰਾ


ਮੁੱਢਲੀ ਗੱਲ ... ... 4
ਭਗਤ ਨਾਮਦੇਵ ਜੀ ਦਾ ਜੀਵਨ ... ... 6
ਭਗਤ ਨਾਮਦੇਵ ਜੀ ਦੀ ਬਾਣੀ ... ... 15
ਭਗਤ ਨਾਮਦੇਵ ਜੀ ਦੇ ਧਾਰਮਿਕ ਸਿਧਾਂਤ ... ... 16
1. ਨਿਰਾਕਾਰ ਪ੍ਰਭੂ ਦੀ ਪੂਜਾ ... ... 16
2. ਪ੍ਰਭੂ ਸਰਬ ਵਿਆਪਕ ਹੈ ... ... 17
3. ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ ... ... 17
4. ਪਰਮਾਤਮਾ ਤੇ ਜੀਵਾਤਮਾ ... ... 18
5. ਨਾਮ ਸਿਮਰਨ ... ... 19
6. ਸਿਮਰਨ ਦੀਆਂ ਬਰਕਤਾਂ ... ... 20
7. ਨਾਮ ਜਪਣ ਦਾ ਢੰਗ ... ... 21
8. ਹਿਰਦੇ ਦੀ ਪਵਿੱਤਰਤਾ ... ... 22
9. ਪ੍ਰਭੂ-ਪ੍ਰੀਤ ... ... 23
10. ਪ੍ਰਭੂ ਤੋਂ ਵਿਛੋੜਾ ... ... 24
11. ਗੁਰੂ ਦੀ ਲੋੜ ... ... 25
12. ਗੁਰੂ ਦਾ ਸ਼ਬਦ ... ... 25
13. ਗਿਆਨ ਪ੍ਰਕਾਸ਼ ... ... 26
14. ਪ੍ਰਭੂ ਤੇ ਭਗਤ ... ... 27
15. ਕਰਮ-ਕਾਂਡ ... ... 27
16. ਮੂਰਤੀ ਪੂਜਾ ... ... 28
17. ਦੇਵੀ-ਦੇਵਤਿਆਂ ਦੀ ਪੂਜਾ ... ... 29
18. ਮਾਇਆ ਦਾ ਪ੍ਰਭਾਵ ... ... 30
19. ਵਿਕਾਰਾਂ ਦੀ ਅੱਗ ... ... 30
20. ਹੰਕਾਰ ਦਾ ਤਿਆਗ ... ... 31
21. ਜਗਤ-ਪ੍ਰਭੂ ਦੀ ਖੇਡ ... ... 32

# ਮੁੱਢਲੀ ਗੱਲ

ਇਤਿਹਾਸ ਸ਼ਬਦ ਦਾ ਸੰਧੀ-ਵਿੱਛੇਦ 'ਇਤਿ-ਆਹਾ-ਅਸਿ' ਹੈ, ਜਿਸ ਦਾ ਭਾਵ ਹੈ : ਇੰਞ ਵਾਪਰਿਆ ਹੈ।[1] ਇਸ ਲਈ ਇਤਿਹਾਸ ਦੀ ਮੁੱਢਲੀ ਲੋੜ ਇਹ ਹੈ ਕਿ ਘਟਨਾ ਦਾ ਹੂ-ਬ-ਹੂ ਵੇਰਵਾ ਦਿੱਤਾ ਜਾਵੇ। ਇਤਿਹਾਸ ਲਿਖਣ ਵਿਚ ਵੱਡੀ ਮੁਸ਼ਕਿਲ ਹੀ ਇਹ ਪੇਸ਼ ਆਉਂਦੀ ਹੈ ਕਿ ਇਕ ਘਟਨਾ ਦੇ ਅਨੇਕ ਵੇਰਵੇ ਮਿਲਦੇ ਹਨ, ਜਿਨ੍ਹਾਂ ਵਿਚ ਇਹ ਕੁਝ ਸ਼ਾਮਿਲ ਹੁੰਦਾ ਹੈ ਕਿ ਘਟਨਾ ਕਦੋਂ ਘਟੀ, ਕਿਥੇ ਘਟੀ ਤੇ ਕਿਵੇਂ ਘਟੀ? ਇਨ੍ਹਾਂ ਵੇਰਵਿਆਂ ਚੋਂ 'ਹੂ-ਬ-ਹੂ' ਦਾ ਨਿਪਟਾਰਾ ਕਰਨਾ ਬਹੁਤ ਮੁਸ਼ਕਿਲ ਤੇ ਕਈ ਵਾਰ ਅਸੰਭਵ ਹੁੰਦਾ ਹੈ। ਭਗਤਾਂ ਤੇ ਧਾਰਮਿਕ ਪੁਰਸ਼ਾਂ ਦੇ ਜੀਵਨ ਬਾਰੇ ਲਿਖਣਾ ਤਾਂ ਹੋਰ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਦੀ ਉੱਚਤਾ ਨੂੰ ਦਰਸਾਉਣ ਲਈ, ਸ਼ਰਧਾ ਭਾਵਨਾ ਵੱਸ, ਲੇਖਕ ਆਪਣੇ ਵਲੋਂ ਫ਼ਰਜ਼ੀ ਘਟਨਾਵਾਂ ਜੋੜ ਦਿੰਦੇ ਹਨ। ਉਨ੍ਹਾਂ ਵਿਚ ਦੈਵੀ-ਸ਼ਕਤੀਆਂ ਦੀ ਹੋਂਦ ਨੂੰ ਦਰਸਾਉਣ ਲਈ ਉਨ੍ਹਾਂ ਦੇ ਜੀਵਨ ਨੂੰ ਕਰਾਮਾਤਾਂ (ਅਨਹੋਣੀਆਂ ਗੱਲਾਂ/ਘਟਨਾਵਾਂ) ਨਾਲ ਸ਼ਿੰਗਾਰਿਆ ਜਾਂਦਾ ਹੈ। ਇਸ ਤਰ੍ਹਾਂ ਚੰਗਾ ਭਲਾ ਇਤਿਹਾਸ ਵੀ ਸਮਾਂ ਪਾ ਕੇ ਕਾਲਪਨਿਕ ਲੱਗਣ ਲੱਗ ਪੈਂਦਾ ਹੈ। ਭਗਤ ਨਾਮਦੇਵ ਜੀ ਦੇ ਜੀਵਨ ਨਾਲ ਵੀ ਇਹੀ ਕੁਝ ਵਾਪਰਿਆ ਹੈ। ਉਨ੍ਹਾਂ ਬਾਰੇ ਲਿਖੀਆਂ ਜੀਵਨੀਆਂ/ਭਗਤਮਾਲਾਵਾਂ ਵਿਚ ਦੋ-ਚਾਰ ਨਹੀਂ ਸਗੋਂ ਦਰਜਨਾਂ ਕਰਾਮਾਤਾਂ ਮਿਲਦੀਆਂ ਹਨ। ਜੇ ਸਾਰੀਆਂ ਨਹੀਂ, ਤਾਂ ਬਹੁਤੀਆਂ ਜ਼ਰੂਰ ਕਾਲਪਨਿਕ ਹਨ।

ਭਾਰਤ ਵਿਚ ਚਮਤਕਾਰੀ ਜਾਂ ਵਚਿੱਤਰ ਇਤਿਹਾਸ ਲਿਖਣ ਦਾ ਰਿਵਾਜ ਤਾਂ ਜ਼ਰੂਰ ਰਿਹਾ ਹੈ, ਸ਼ੁੱਧ ਇਤਿਹਾਸ ਲਿਖਣ ਦਾ ਨਹੀਂ। ਸ਼ੁੱਧ ਇਤਿਹਾਸ ਲਿਖਣ ਦੇ ਤਾਂ ਸਗੋਂ ਯਤਨ ਹੀ ਨਹੀਂ ਕੀਤੇ ਗਏ। ਘਟਨਾਵਾਂ ਦੇ ਅਸਲੀ ਵੇਰਵਿਆਂ ਨੂੰ ਸਮੇਂ ਸਿਰ ਰਿਕਾਰਡ ਨਾ ਕਰਨ ਕਰਕੇ, ਮਗਰੋਂ ਜਾ ਕੇ ਘਟਨਾ ਦਾ ਸਮਾਂ ਤੇ ਵੇਰਵੇ ਅੰਦਾਜ਼ੇ ਲਗਾ ਕੇ ਲਿਖੇ ਜਾਂਦੇ ਹਨ। ਵਿਦਵਾਨ ਲੋਕ ਜਾਂ ਇਤਿਹਾਸਕਾਰ ਲੰਮੇ-ਚੌੜੇ ਵੇਰਵੇ ਤੇ ਦਲੀਲਾਂ ਦੇ ਕੇ ਆਪਣੇ ਮਤ (ਫ਼ੈਸਲੇ) ਨੂੰ ਸਥਾਪਿਤ ਕਰਦੇ ਹਨ ਅਤੇ ਦੂਸਰਿਆਂ ਦੇ ਫ਼ੈਸਲਿਆਂ ਨੂੰ ਰੱਦ ਕਰਦੇ ਹਨ।

ਭਗਤ ਨਾਮਦੇਵ ਜੀ ਦੇ ਜਨਮ ਨੂੰ ਹੀ ਲੈ ਲਈਏ ਤਾਂ ਉਹਨਾਂ ਦੇ ਜਨਮ ਦਾ ਸੰਨ ਹੀ ਵੱਖ-ਵੱਖ ਇਤਿਹਾਸਕਾਰਾਂ ਨੇ 1270, 1271, 1278, 1363, 1370 ਈ: ਦਿੱਤਾ ਹੈ (ਪੂਰੀ ਇਕ ਸਦੀ ਦਾ ਅੰਤਰ)।

ਜਨਮ ਅਸਥਾਨ ਵੀ ਪੰਡਰਪੁਰ, ਨਰਸੀ ਬਾਮਨੀ, ਪੰਡਰਪੁਰ ਦੇ ਨੇੜੇ ਗੋਕੁਲਪੁਰ, ਗਵਾਲੀਅਰ ਆਦਿ ਲਿਖਿਆ ਮਿਲਦਾ ਹੈ। ਨਰਸੀ ਬਾਮਨੀ ਬਾਰੇ ਵੀ ਵੱਖ-ਵੱਖ ਰਾਵਾਂ ਹਨ—ਸਿਤਾਰਾ ਦੇ ਨੇੜੇ (ਹੁਣ ਨਰਸਿੰਗਪੁਰ ਜਾਂ ਕੋਲੇ ਨਰਸਿੰਗਪੁਰ) ਜਾਂ ਮਰਾਠਾਵਾੜਾ ਦੇ ਪ੍ਰਭਣੀ ਜ਼ਿਲ੍ਹੇ ਵਿਚ ਜਾਂ ਸ਼ੋਲਾਪੁਰ ਦੇ ਨੇੜੇ।

ਭਗਤ ਜੀ ਦੇ ਜਨਮ ਬਾਰੇ ਵੀ ਵੱਖ-ਵੱਖ ਖ਼ਿਆਲ ਹਨ, ਜਿਵੇਂ : ਮਾਤਾ-ਪਿਤਾ

---

1. ਡਾ. ਦੇਵਿੰਦਰ ਸਿੰਘ ਵਿਦਿਆਰਥੀ/ਗੁਰਮਤਿ ਪ੍ਰਕਾਸ਼/ਜੂਨ 1995, ਪੰਨਾ 33

ਨੂੰ ਚੰਦਰਭਾਗਾ ਨਦੀ ਵਿਚ ਇਕ ਸਿੱਪੀ ਵਿਚ ਤਰਦਾ ਹੋਇਆ ਬੱਚਾ ਲੱਭਾ, ਨਦੀ ਵੱਲ ਇਸ਼ਨਾਨ ਕਰਨ ਜਾਂਦਿਆਂ ਹੋਇਆਂ 12 ਕੁ ਸਾਲਾਂ ਦੇ ਬੱਚੇ ਦੇ ਰੂਪ ਵਿਚ ਮਿਲਿਆ, ਵਿਧਵਾ ਦੇ ਪੇਟੋਂ ਪੈਦਾ ਹੋਇਆ ਲੜਕਾ, ਜਿਸ ਨੂੰ ਵਿਧਵਾ ਦੇ ਪਿਤਾ ਬਾਮਦੇਵ ਨੇ ਪਾਲਿਆ ਆਦਿ।

ਇਵੇਂ ਹੀ ਦੇਹਾਂਤ ਬਾਰੇ ਵੀ ਕਿ ਘੁਮਾਣ (ਜ਼ਿਲ੍ਹਾ ਗੁਰਦਾਸਪੁਰ, ਪੰਜਾਬ) ਵਿਚ ਹੋਇਆ ਜਾਂ ਪੰਡਰਪੁਰ (ਮਹਾਰਾਸ਼ਟਰ) ਵਿਖੇ ਹੋਇਆ, ਵੱਖ-ਵੱਖ ਰਾਵਾਂ ਹਨ।[2]

ਇਤਿਹਾਸ ਵਿਚ ਅਜਿਹੇ ਰੋਲ-ਘਚੋਲੇ ਬਾਰੇ ਦੁੱਖ ਪ੍ਰਗਟ ਕਰਦਾ ਹੋਇਆ ਪ੍ਰਭਾਕਰ ਮਾਂਚਵੇ, ਆਪਣੀ ਪੁਸਤਕ 'ਨਾਮਦੇਵ : ਜੀਵਨ ਤੇ ਦਰਸ਼ਨ' (ਪੰਜਾਬੀ ਰੂਪ) ਦੇ ਪੰਨਾ 14 ਤੇ ਲਿਖਦਾ ਹੈ :

"...ਨਾਮਦੇਵ ਦੀ ਜਨਮ ਮਿਤੀ ਜੋ ਏਨੇ ਵੇਰਵਿਆਂ ਨਾਲ ਕਥਨ ਕੀਤੀ ਜਾਂਦੀ ਹੈ, ਉੱਕਾ ਗ਼ਲਤ ਹੈ। ਦੁਰਭਾਗ ਦੀ ਗੱਲ ਹੈ ਕਿ ਸਾਡੀ ਭਾਰਤੀਆਂ ਦੀ ਬੌਧਿਕ ਜ਼ਿੰਦਗੀ ਵਿਚ ਇਤਿਹਾਸਕ ਭਾਵਨਾਵਾਂ ਨੂੰ ਕੋਈ ਵਿਸ਼ੇਸ਼ ਦਰਜਾ ਪ੍ਰਾਪਤ ਨਹੀਂ, ਅਸੀਂ ਅਕਸਰ ਵੱਖ-ਵੱਖ ਵਿਅਕਤੀਆਂ ਨੂੰ ਇਕ ਦੂਜੇ ਨਾਲ ਰਲਾ-ਮਿਲਾ ਦੇਂਦੇ ਹਾਂ ਅਤੇ ਇਕ ਦੇ ਗੁਣ ਦੂਸਰੇ ਨਾਲ ਸੰਬੰਧਿਤ ਕਰ ਦਿੰਦੇ ਹਾਂ । ਇਸੇ ਕਿਸਮ ਦਾ ਹਨੇਰ ਖਾਤਾ ਵਿਚਾਰ-ਅਧੀਨ ਹਾਲਤ (ਭਗਤ ਨਾਮ ਦੇਵ ਜੀ ਦੀ ਜਨਮ-ਮਿਤੀ ਸੰਬੰਧੀ) ਵਿਚ ਅਵੱਸ਼ ਹੋਇਆ ਹੋਵੇਗਾ।"

ਹੁਣ ਪਾਠਕ ਖ਼ੁਦ ਹੀ ਅੰਦਾਜ਼ਾ ਲਾ ਲੈਣ ਕਿ ਭਗਤ ਨਾਮਦੇਵ ਜੀ ਜਾਂ ਹੋਰ ਭਗਤਾਂ ਆਦਿ ਦੇ ਜੀਵਨ ਬਾਰੇ ਲਿਖਣਾ ਕਿੰਨਾ ਮੁਸ਼ਕਿਲ ਕੰਮ ਹੈ। ਅਸੀਂ ਪ੍ਰਾਪਤ ਜਾਣਕਾਰੀ ਨੂੰ ਪਾਠਕਾਂ ਅੱਗੇ ਰੱਖਣ ਦਾ ਯਤਨ ਕੀਤਾ ਹੈ। ਭਗਤ ਜੀ ਬਾਰੇ ਉਹ ਕਰਾਮਾਤਾਂ ਜਿਨ੍ਹਾਂ ਦਾ ਜ਼ਿਕਰ ਉਨ੍ਹਾਂ ਦੀ ਬਾਣੀ ਵਿਚ ਹੋਇਆ ਹੈ, ਉਸ ਦੀ ਸਹੀ ਵਿਆਖਿਆ ਕਰਨ ਲਈ ਹੋਰ ਮਿਹਨਤ ਦੀ ਲੋੜ ਹੈ।...ਉਂਝ ਜਿਨ੍ਹਾਂ ਕਰਾਮਾਤਾਂ ਦਾ ਜ਼ਿਕਰ ਆਇਆ ਹੈ, ਉਹ ਭਗਤ ਜੀ ਨੇ ਆਪ ਨਹੀਂ ਵਿਖਾਈਆਂ, ਨਾ ਹੀ ਉਨ੍ਹਾਂ ਦੀ ਕੋਈ ਐਸਾ ਮਨਸ਼ਾ ਉਨ੍ਹਾਂ ਦੀ ਬਾਣੀ ਤੋਂ ਸਿੱਧ ਹੁੰਦਾ ਹੈ। ਇਨ੍ਹਾਂ ਨੂੰ ਭਗਤ ਦੀ ਪੈਜ ਰੱਖਣ ਲਈ ਪ੍ਰਭੂ ਵਲੋਂ ਵਰਤਾਏ ਕੌਤਕ ਹੀ ਆਖਿਆ ਜਾ ਸਕਦਾ ਹੈ।

ਦਾਸ-ਲੇਖਕ

---

2. ਵਧੇਰੇ ਜਾਣਕਾਰੀ ਲਈ ਪ੍ਰਭਾਕਰ ਮਾਚਵੇ ਦੀ ਪੁਸਤਕ 'ਨਾਮਦੇਵ-ਜੀਵਨ ਤੇ ਦਰਸ਼ਨ' ਪੜ੍ਹੋ, ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਛਪਵਾਈ ਹੈ।

# ਭਗਤ ਨਾਮਦੇਵ ਜੀ ਦਾ ਜੀਵਨ

ਭਗਤ ਨਾਮਦੇਵ ਜੀ ਮਹਾਰਾਸ਼ਟਰ ਵਿਚ ਨਿਰਾਕਾਰ ਪ੍ਰਭੂ ਦੀ ਪ੍ਰੇਮਾ-ਭਗਤੀ ਦੇ ਗੀਤ ਗਾਉਣ ਵਾਲੇ ਪ੍ਰਮੁੱਖ ਮਹਾਂਪੁਰਖ ਹੋਏ ਹਨ। ਪ੍ਰਭੂ-ਭਗਤੀ ਦਾ ਰਸ ਆਪ ਚੱਖਣਾ ਤੇ ਹੋਰਨਾਂ ਨੂੰ ਚਖਾਉਣਾ ਉਨ੍ਹਾਂ ਦੇ ਜੀਵਨ ਦਾ ਪਰਮ-ਮਨੋਰਥ ਸੀ। ਇਸੇ ਲਈ ਆਪ ਭਾਰਤ ਦੇ ਪ੍ਰਸਿੱਧ ਧਰਮ-ਅਸਥਾਨਾਂ 'ਤੇ ਗਏ, ਧਾਰਮਿਕ ਪੁਰਖਾਂ ਨਾਲ ਸੰਵਾਦ ਰਚਾਇਆ ਅਤੇ ਜਨ-ਸਾਧਾਰਨ ਨੂੰ ਕਰਮ-ਕਾਂਡਾਂ ਦੀ ਥਾਂ ਤੇ ਨਿਰਾਕਾਰ ਪ੍ਰਭੂ ਦੀ ਭਗਤੀ ਵਿਚ ਲਾਇਆ। ਮਹਾਰਾਸ਼ਟਰ ਤੋਂ ਚੱਲ ਕੇ ਭਾਰਤ ਦੇ ਦੂਸਰੇ ਸਿਰੇ ਪੰਜਾਬ ਵਿਚ ਆਏ ਅਤੇ ਇਥੇ ਲਗਪਗ 18 ਸਾਲ ਗੁਜ਼ਾਰੇ।

**ਜਨਮ :** ਭਗਤ ਨਾਮਦੇਵ ਜੀ ਦਾ ਜਨਮ ਮਹਾਰਾਸ਼ਟਰ ਪ੍ਰਾਂਤ ਦੇ ਅਜੋਕੇ ਜ਼ਿਲ੍ਹੇ ਹਿੰਗੋਲੀ (ਪੁਰਾਣਾ ਜ਼ਿਲ੍ਹਾ ਪ੍ਰਭਣੀ) ਦੇ ਕਸਬਾ ਨੁਮਾ ਪਿੰਡ ਨਰਸੀ ਬਾਮਨੀ ਵਿਖੇ ਹੋਇਆ ਸੀ। ਲੇਖਕਾਂ ਨੇ ਨਰਸੀ ਬਾਮਨੀ ਪਿੰਡ ਨੂੰ ਆਮ ਕਰਕੇ 'ਸਤਾਰਾ' ਜ਼ਿਲ੍ਹੇ ਵਿਚ ਲਿਖਿਆ ਹੈ ਪਰ ਹੁਣ ਗੁਰਦੇਵ ਨਗਰ, ਲੁਧਿਆਣਾ ਦੇ ਨਿਵਾਸੀ ਸ: ਪੂਰਨ ਸਿੰਘ ਐਮ. ਏ., ਬੀ. ਐਡ (ਜਨਰਲ ਸਕੱਤਰ, ਸ਼੍ਰੋਮਣੀ ਭਗਤ ਨਾਮਦੇਵ ਜੀ ਮੈਮੋਰੀਅਲ ਐਸੋਸੀਏਸ਼ਨ ਪੰਜਾਬ) ਨੇ ਨਰਸੀ ਬਾਮਨੀ ਜਾ ਕੇ, ਭਗਤ ਨਾਮਦੇਵ ਜੀ ਦਾ ਜਨਮ ਅਸਥਾਨ ਲੱਭ ਕੇ ਉਥੇ ਆਲੀਸ਼ਾਨ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ ਹੈ। ਨਰਸੀ ਬਾਮਨੀ ਹਜ਼ੂਰ ਸਾਹਿਬ ਨੰਦੇੜ ਤੋਂ 100 ਕਿਲੋਮੀਟਰ ਅਤੇ ਹਿੰਗੋਲੀ ਤੋਂ 16 ਕਿਲੋਮੀਟਰ ਹੈ। ਸਰਕਾਰ ਨੇ ਇਸ ਦਾ ਨਾਮ ਹੁਣ "ਨਰਸੀ ਨਾਮਦੇਵ" ਰੱਖ ਦਿੱਤਾ ਹੈ।

ਆਪ ਜੀ ਦੀ ਜਨਮ-ਮਿਤੀ ਜਿਸ 'ਤੇ ਬਹੁਤੇ ਇਤਿਹਾਸਕਾਰ ਸਹਿਮਤ ਹਨ 26 ਅਕਤੂਬਰ, ਸੰਨ 1270 ਹੈ (ਕਤਕ ਸੁਦੀ 11, ਸ਼ਾਕਾ ਸੰਮਤ 1192)।

ਭਗਤ ਜੀ ਦੀ ਬੰਸਾਵਲੀ ਸ੍ਰੀ ਯਾਦੂ ਸ਼ੇਠ ਤੋਂ ਅਰੰਭ ਹੁੰਦੀ ਹੈ, ਜੋ ਜਾਤ ਦਾ ਛੀਂਬਾ ਸੀ। ਉਨ੍ਹਾਂ ਦੇ ਮਾਤਾ-ਪਿਤਾ ਦਾਮ ਸ਼ੇਠ ਤੇ ਗੋਨਾਬਾਈ ਸਨ। ਇਕ ਭੈਣ ਸੀ ਜਿਸ ਦਾ ਨਾਮ ਔਬਾਈ ਸੀ। ਪਿਤਾ ਕੱਪੜੇ ਸੀਊਣ ਤੇ ਰੰਗਣ ਦਾ ਕੰਮ ਕਰਦੇ ਸਨ। ਡਾ: ਬਲਕਾਰ ਸਿੰਘ ਉਨ੍ਹਾਂ ਦੇ ਬਚਪਨ ਬਾਰੇ ਲਿਖਦੇ ਹਨ :

"ਉਹ ਬਾਲਪਨ ਤੋਂ ਹੀ ਹਮੇਸ਼ਾ ਕਿਸੇ ਡੂੰਘੀ ਸੋਚ ਵਿਚ ਗੁਆਚੇ ਰਹਿੰਦੇ ਸਨ। ਉਹ ਆਪ ਬਾਲਕਾਂ ਨਾਲੋਂ ਬਿਲਕੁਲ ਵੱਖਰੇ ਸਨ। ਉਦਾਸੀ ਅਤੇ ਮਸਤੀ ਦੇ ਦੋ ਕੰਢਿਆਂ ਵਿਚ ਉਨ੍ਹਾਂ ਦਾ ਨਿੱਤ-ਜੀਵਨ ਆਪਣੀ ਹੀ ਚਾਲੇ ਵਹਿ ਰਿਹਾ ਸੀ। ਆਮ ਬੱਚਿਆਂ ਵਾਲੀਆਂ ਖੇਡਾਂ ਉਨ੍ਹਾਂ ਦਾ ਮਨ ਨਹੀਂ ਸਨ ਪਰਚਾਉਂਦੀਆਂ। ਸ਼ਰਾਰਤਾਂ ਨਾਲ ਵੀ ਉਸ ਦਾ ਕੋਈ ਲਗਾਉ ਨਹੀਂ ਸੀ। ਆਪਣੀ ਉਮਰ ਨਾਲੋਂ ਉਹ ਵੱਡੇ ਲਗਦੇ ਸਨ ਅਤੇ ਸੰਜੀਦਾ ਸੰਗਤ ਵਿਚ ਉਨ੍ਹਾਂ ਨੂੰ ਸੰਤੁਸ਼ਟੀ ਮਹਿਸੂਸ ਹੁੰਦੀ ਸੀ। ਹਰ ਗੱਲ ਧਿਆਨ ਨਾਲ ਸੁਣਨ ਅਤੇ ਫਿਰ ਉਨ੍ਹਾਂ ਨੂੰ ਗੁਣਾਂ-ਔਗੁਣਾਂ ਦੇ ਆਧਾਰ 'ਤੇ ਗ੍ਰਹਿਣ ਕਰਨ ਦਾ ਸੁਭਾਅ ਭਗਤ ਜੀ ਦੇ ਬਚਪਨ ਵਿਚ ਹੀ ਸਾਹਮਣੇ ਆਉਣ ਲੱਗ ਪਿਆ ਸੀ।"[3]

---

3. ਸੇ ਭਗਤ ਸਤਿਗੁਰ ਮਨਿ ਭਾਏ/ਪੰਨਾ 43

ਬਾਲਕ ਨਾਮਦੇਵ ਦੀ ਐਸੀ ਦਸ਼ਾ ਨੂੰ ਦੇਖ ਕੇ ਪਿੰਡ ਦੇ ਲੋਕ ਕਈ ਵਾਰ ਚਿੰਤਾਤੁਰ ਹੋ ਜਾਂਦੇ ਸਨ; ਉਨ੍ਹਾਂ ਨੂੰ ਲਗਦਾ ਕਿ ਜਿਵੇਂ ਨਾਮਦੇਵ ਜੀ ਦੇ ਦਿਮਾਗ਼ ਵਿਚ ਕੋਈ ਨੁਕਸ ਪੈ ਗਿਆ ਹੋਵੇ। ਪਰ ਕੁਝ ਅਜਿਹੇ ਵੀ ਸਨ ਜੋ ਸਮਝਦੇ ਸਨ ਕਿ ਨਾਮਦੇਵ ਵਿਚ ਭਗਤਾਂ-ਮਹਾਂਪੁਰਖਾਂ ਵਾਲੇ ਗੁਣ ਸਨ।

ਅੱਤ ਸ਼ਰਧਾ ਅਧੀਨ ਲਿਖੀਆਂ ਹੋਈਆਂ ਸਾਖੀਆਂ ਵਿਚ ਭਗਤ ਜੀ ਨੂੰ ਦੋ ਸਾਲ ਦੀ ਉਮਰ ਵਿਚ ਹੀ ਵਿਠੁਲ ਦਾ ਨਾਮ ਜਪਦਿਆਂ ਦਿਖਾਇਆ ਗਿਆ ਹੈ। ਇਵੇਂ ਹੀ ਸੱਤ ਸਾਲ ਦੀ ਉਮਰ ਵਿਚ ਉਨ੍ਹਾਂ ਨੂੰ ਵੱਟਿਆਂ ਦੀਆਂ ਘੰਟੀਆਂ ਬਣਾ ਕੇ ਈਸ਼ਵਰ ਦਾ ਉਹੀ (ਵਿਠੁਲ) ਨਾਮ ਰਟਦੇ ਅਤੇ ਸਾਰਾ-ਸਾਰਾ ਦਿਨ ਮਸਤੀ ਵਿਚ ਨਾਚ ਕਰਦਿਆਂ ਦਰਸਾਇਆ ਗਿਆ ਹੈ।

## ਸਮਾਜਿਕ ਦਸ਼ਾ :

ਨਾਮਦੇਵ ਜੀ ਦੇ ਜਨਮ ਸਮੇਂ ਭਾਰਤ ਵਿਚ ਜਾਤ-ਪਾਤ ਦਾ ਬੋਲਬਾਲਾ ਸੀ। ਵਰਣ-ਵੰਡ ਦੀ ਵਿਵਸਥਾ ਪੂਰੀ ਤਰ੍ਹਾਂ ਲਾਗੂ ਸੀ। ਨੀਵੀਆਂ ਜਾਤਾਂ ਵਾਲਿਆਂ (ਸ਼ੂਦਰਾਂ) ਨਾਲ ਬਹੁਤ ਭੈੜਾ ਸਲੂਕ ਕੀਤਾ ਜਾਂਦਾ ਸੀ। ਬ੍ਰਾਹਮਣ ਆਪਣੇ ਆਪ ਨੂੰ ਸਰਬੋਤਮ ਜਾਤ ਵਾਲਾ ਸਮਝਦੇ ਸਨ ਅਤੇ ਇਹ ਪ੍ਰਚਾਰਦੇ ਸਨ ਕਿ ਵੇਦਿਕ-ਧਰਮ (ਹਿੰਦੂ ਧਰਮ) ਬਹੁਤ ਉੱਚਾ ਹੈ ਤੇ ਇਸ ਧਰਮ ਨੂੰ ਉੱਚੀ ਜਾਤ ਵਾਲੇ ਹੀ ਗ੍ਰਹਿਣ ਕਰ ਸਕਦੇ ਹਨ। ਸ਼ੂਦਰਾਂ ਨੂੰ ਤਾਂ ਵੈਦਿਕ ਕਾਲ ਤੋਂ ਹੀ ਧਾਰਮਿਕ ਪੁਸਤਕਾਂ ਦਾ ਪਾਠ ਕਰਨ 'ਤੇ ਮੰਦਰਾਂ ਵਿਚ ਜਾਣ ਦੀ ਮਨਾਹੀ ਸੀ। ਉਹ ਤਾਂ ਉੱਚ ਜਾਤੀਏ ਬ੍ਰਾਹਮਣਾਂ, ਖੱਤਰੀਆਂ ਤੇ ਵੈਸ਼ਾਂ ਦੀ ਨਿਸ਼ਕਾਮ ਸੇਵਾ (ਵਗਾਰਾਂ) ਕਰਨ, ਨੀਵੇਂ ਕਹੇ ਜਾਂਦੇ ਕੰਮ ਕਰਨ 'ਤੇ ਉਹਨਾਂ (ਉੱਚ ਜਾਤੀਆਂ) ਵਲੋਂ ਅਪਮਾਨ ਕਰਾਉਣ ਲਈ ਹੀ ਪੈਦਾ ਹੋਏ ਸਨ। ਦੂਜੇ ਪਾਸੇ ਦੇਸ਼ ਵਿਚ ਮੁਸਲਮਾਨਾਂ ਦਾ ਰਾਜ ਸੀ। ਉਹ ਰਾਜ-ਹੰਕਾਰ ਅੰਦਰ ਹਿੰਦੂਆਂ ਦਾ ਸ਼ੋਸ਼ਣ ਕਰਨਾ ਆਪਣਾ ਅਧਿਕਾਰ ਸਮਝਦੇ ਸਨ। ਗ਼ੈਰ-ਮੁਸਲਮਾਨਾਂ ਨੂੰ ਕੋਈ ਅਧਿਕਾਰ ਨਹੀਂ ਸੀ; ਸਗੋਂ ਉਹਨਾਂ ਨੂੰ ਤਾਂ ਉਚੇਚੇ ਟੈਕਸ ਦੇਣੇ ਪੈਂਦੇ ਸਨ ਅਤੇ ਉਹ ਆਮ ਸਹੂਲਤਾਂ ਜਿਵੇਂ ਕਿ ਘੋੜੇ ਦੀ ਸਵਾਰੀ ਦੇ ਵੀ ਅਧਿਕਾਰੀ ਨਹੀਂ ਸਨ। ਅੱਤਿਆਚਾਰਾਂ ਤੋਂ ਤੰਗ ਆ ਕੇ ਲੋਕ ਧਰਮ-ਪਰਿਵਰਤਨ ਕਰ ਲੈਂਦੇ ਸਨ। ਸੋ ਜੇ ਬ੍ਰਾਹਮਣ, ਖੱਤਰੀ ਤੇ ਵੈਸ਼ ਉੱਚੀ ਜਾਤ ਦੇ ਅਭਿਮਾਨ ਵਿਚ ਸੱਚ ਤੇ ਇਨਸਾਫ਼ ਦਾ ਰਸਤਾ ਭੁੱਲ ਗਏ ਸਨ ਤਾਂ ਮੁਸਲਮਾਨ ਰਾਜ-ਅਭਿਮਾਨ ਵਿਚ ਗ਼ੈਰ-ਮੁਸਲਮਾਨਾਂ ਨੂੰ ਇਨਸਾਨ ਹੀ ਨਹੀਂ ਸਮਝ ਰਹੇ ਸਨ। ਇਸੇ ਲਈ ਭਗਤ ਨਾਮਦੇਵ ਜੀ ਨੇ ਇਨ੍ਹਾਂ ਨੂੰ ਅੰਨ੍ਹੇ-ਕਾਣੇ ਆਖਿਆ ਹੈ ਤੇ ਦੋਹਾਂ ਹੀ ਵਰਗਾਂ ਵਿਚੋਂ ਜਿਹੜੇ ਸੱਚ ਨਾਲ ਜੁੜੇ ਹੋਏ ਸਨ ਉਨ੍ਹਾਂ ਨੂੰ ਬੁੱਧੀਮਾਨ (ਸਿਆਣੇ) ਆਖਿਆ ਹੈ :

**ਹਿੰਦੂ ਅੰਨ੍ਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥**

*(ਗੋਂਡ, ਪੰਨਾ ੮੭੫)*

ਅੰਨ੍ਹੀ ਧਾਰਮਿਕ ਕੱਟੜਤਾ ਈਰਖਾ ਨੂੰ ਜਨਮ ਦੇਂਦੀ ਹੈ। ਲੋਕ ਮੰਦਰ-ਮਸਜਿਦ ਦੇ ਨਾਂ ਤੇ ਲੜਨ-ਮਰਨ ਨੂੰ ਤਿਆਰ ਹੋ ਜਾਂਦੇ ਹਨ, ਪਰ ਉਨ੍ਹਾਂ ਅੰਦਰੋਂ ਨੈਤਿਕ ਤੇ ਦੈਵੀ ਗੁਣਾਂ ਦਾ ਅਭਾਵ ਹੋ ਜਾਂਦਾ ਹੈ। ਤਾਂ ਹੀ ਤਾਂ ਭਗਤ ਜੀ ਆਖਦੇ ਹਨ :

**ਹਿੰਦੂ ਪੂਜੈ ਦੇਹੁਰਾ, ਮੁਸਲਮਾਣੁ ਮਸੀਤਿ ॥**
**ਨਾਮੇ ਸੋਈ ਸੇਵਿਆ, ਜਹ ਦੇਹੁਰਾ ਨ ਮਸੀਤਿ ॥** *(ਗੋਂਡ, ਪੰਨਾ ੮੭੫)*

ਉਪ੍ਰੋਕਤ ਸਮਾਜਿਕ ਦਸ਼ਾ ਨੂੰ ਪਿਛੋਕੜ ਵਿਚ ਰੱਖ ਕੇ ਹੀ ਭਗਤ ਜੀ ਦੇ ਜੀਵਨ ਬਾਰੇ ਵਿਚਾਰ ਕਰਨ ਨਾਲ ਹੀ ਉਨ੍ਹਾਂ ਦੀ ਮਹਾਨਤਾ ਨੂੰ ਅਤੇ ਵਿਚਾਰਧਾਰਾ ਨੂੰ ਸਹੀ ਰੂਪ ਵਿਚ ਸਮਝਿਆ ਜਾ ਸਕਦਾ ਹੈ। ਇਸ ਸੰਬੰਧ ਵਿਚ ਪ੍ਰੋ: ਬਲਕਾਰ ਸਿੰਘ ਦੇ ਵਿਚਾਰ ਬਹੁਤ ਢੁਕਵੇਂ ਹਨ :

"ਆਮ ਤੌਰ ਤੇ ਇਹ ਹੀ ਮੰਨਿ·ਆ ਜਾਂਦਾ ਹੈ ਕਿ ਕਿਸੇ ਵੀ ਸ਼ਖ਼ਸੀਅਤ ਦੇ ਜੀਵਨ ਦੇ ਦੋ ਮੁੱਖ ਪੱਖ ਹੁੰਦੇ ਹਨ। ਪਹਿਲਾ, ਇਹ ਕਿ ਉਸ ਦੀ ਵਿਰਾਸਤ ਕੀ ਹੈ ? ਦੂਜਾ, ਇਹ ਕਿ ਉਹ ਕਿਹੋ ਜਿਹੇ ਵਾਤਾਵਰਨ ਵਿਚ ਜੀਵਿਆ ਹੈ ? ਜਿਹੜਾ ਵਿਅਕਤੀ ਇਨ੍ਹਾਂ ਦੋਹਾਂ ਤੱਕ ਬਚਪਨ ਨੂੰ ਸੀਮਿਤ ਕਰ ਲੈਂਦਾ ਹੈ, ਆਮ ਅਤੇ ਸਾਧਾਰਨ ਮਨੁੱਖ ਹੈ। ਆਮ ਮਨੁੱਖ ਉਹ ਹੈ ਜਿਹੜਾ ਪ੍ਰਾਪਤ ਹਾਲਾਤ ਨਾਲ ਸਮਝੌਤਾ ਕਰ ਲੈਂਦਾ ਹੈ। ਜਿਹੜੇ ਮਨੁੱਖ ਦਾ ਬਚਪਨ ਇਨ੍ਹਾਂ ਦੋਹਾਂ ਪੱਖਾਂ ਦੀਆਂ ਹੱਦਾਂ ਦੀ ਕੈਦ ਤੋਂ ਬਾਗ਼ੀ ਹੋ ਜਾਂਦਾ ਹੈ ਜਾਂ ਅੱਗੇ ਲੰਘ ਜਾਂਦਾ ਹੈ ਤਾਂ ਉਸ ਨੂੰ ਅਸੀਂ ਵਿਅਕਤੀ ਵਿਸ਼ੇਸ਼ ਜਾਂ ਪ੍ਰਭਿਤਾਵਾਨ ਵਿਅਕਤੀ ਆਖਦੇ ਹਾਂ। ਭਗਤ ਨਾਮਦੇਵ ਜੀ ਵੀ ਅਜਿਹੇ ਹੀ ਸਨ।"[4]

## *ਪੜ੍ਹਾਈ :*

ਸਾਖੀਕਾਰਾਂ ਅਨੁਸਾਰ ਭਗਤ ਜੀ ਦਾ ਧਿਆਨ ਸੰਸਾਰਕ ਪੜ੍ਹਾਈ ਵੱਲ ਨਹੀਂ ਸੀ, ਸਗੋਂ ਉਨ੍ਹਾਂ ਦਾ ਧਿਆਨ ਤਾਂ ਕੇਵਲ 'ਵਿਠੁਲ' ਤੇ ਹੀ ਟਿਕਿਆ ਰਹਿੰਦਾ ਸੀ। ਕਹਿੰਦੇ ਹਨ ਕਿ ਉਨ੍ਹਾਂ ਨੂੰ ਪੰਜ ਸਾਲ ਦੀ ਉਮਰ ਵਿਚ ਪੜ੍ਹਨੇ ਪਾਇਆ ਗਿਆ। ਅਧਿਆਪਕ ਨੇ ਤਖ਼ਤੀ ਉੱਪਰ 'ਓਮ' ਲਿਖਣ ਨੂੰ ਕਿਹਾ ਤਾਂ ਉਨ੍ਹਾਂ ਇਸ ਦੀ ਥਾਂ ਤੇ 'ਵਿਠੁਲ' ਲਿਖ ਦਿੱਤਾ।

## *ਮੂਰਤੀ ਨੂੰ ਦੁੱਧ ਪਿਆਉਣਾ :*

ਮਾਧਵ ਰਾਓ ਆਪਾ ਜੀ ਮੂਲੇ ਦੁਆਰਾ ਲਿਖੀ ਪੁਸਤਕ 'ਨਾਮਦੇਵ ਚਰਿਤ੍ਰ' ਵਿਚ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਅਨੇਕਾਂ ਉਪਾਖਿਆਨ (ਪੁਰਾਤਨ ਕਥਾਵਾਂ, ਕਿੱਸੇ-ਕਹਾਣੀਆਂ) ਦਿੱਤੇ ਹੋਏ ਹਨ, ਜਿਨ੍ਹਾਂ ਦਾ ਸਾਰ ਪ੍ਰਭਾਕਰ ਮਾਂਚਵੇ ਨੇ ਆਪਣੀ ਪੁਸਤਕ ਵਿਚ 'ਨਾਮਦੇਵ ਨਾਲ ਸੰਬੰਧਿਤ ਉਪਾਖਿਆਨ' ਸਿਰਲੇਖ ਹੇਠ ਦਿੱਤਾ ਹੈ। ਦੁੱਧ ਪਿਆਉਣ ਬਾਰੇ ਉਪਾਖਿਆਨ ਹੇਠ ਲਿਖੇ ਅਨੁਸਾਰ ਹੈ :

"ਨਾਮਦੇਵ ਨੂੰ ਦਾਮ ਸ਼ੇਠ ਦੀ ਗ਼ੈਰ-ਹਾਜ਼ਰੀ ਵਿਚ ਵਿੱਠਲ-ਈਸ਼ਵਰ ਨੂੰ ਚੜ੍ਹਾਣ ਲਈ ਕੁਝ ਖਾਣ ਦੀਆਂ ਵਸਤਾਂ (ਨੈਵੇਦਯ) ਦਿੱਤੀਆਂ ਗਈਆਂ। ਉਹ ਮੰਦਰ ਵਿਖੇ ਗਿਆ ਅਤੇ ਵਿੱਠਲ ਨੂੰ ਇਹ ਚੀਜ਼ਾਂ ਖਾਣ ਲਈ ਤਰਲਾ ਕੀਤਾ, ਕਿਉਂਕਿ ਇਸ ਤੋਂ ਬਿਨਾਂ ਉਸ ਨੇ ਅੰਨ ਨਹੀਂ ਸੀ ਖਾਣਾ। ਉਸ ਦੀ ਬੇਨਤੀ ਤੇ ਈਸ਼ਵਰ ਨੇ ਉਹ ਖਾਣਾ ਖਾ ਲਿਆ। ਜਦੋਂ ਪਿਤਾ ਵਾਪਸ ਆਇਆ ਤਾਂ ਉਸ ਨੇ ਇਸ ਵਾਰਤਾ ਨੂੰ ਸੱਚ ਮੰਨਣ ਤੋਂ ਇਨਕਾਰ ਕੀਤਾ, ਜਿਸ ਉੱਤੇ ਉਸ ਨੂੰ ਮੰਦਰ ਲਿਜਾ ਕੇ ਇਹ ਕਰਾਮਾਤ ਦਿਖਾਈ ਗਈ। ਸ੍ਰੀ ਵਿੱਠਲ

---

4. ਸੇ ਭਗਤ ਸਤਿਗੁਰ ਮਨਿ ਭਾਏ/ਪੰਨਾ 45

ਨੇ ਸਗੋਂ ਨਾਮਦੇਵ ਦਾ ਭੇਟਾ ਕੀਤਾ ਹੋਇਆ ਦੁੱਧ ਵੀ ਪੀ ਲਿਆ, ਜੋ ਹਾਲੇ ਗਰਮ ਹੀ ਸੀ। ਈਸ਼ਵਰ ਦੇ ਮੂੰਹ ਵਿਚ ਛਾਲੇ ਹੋ ਗਏ, ਪਰ ਉਸ ਨੇ ਇਸ ਗੱਲ ਨੂੰ ਟਾਲ ਦਿੱਤਾ।" ਇਸੇ ਉਪਾਖਿਆਨ ਵਿਚ ਅੱਗੇ ਜਾ ਕੇ ਨਾਮਦੇਵ ਦੀ ਮਾਤਾ ਅਤੇ ਈਸ਼ਵਰ ਦੀ ਵਾਰਤਾਲਾਪ ਵੀ ਦਿੱਤੀ ਹੈ।

ਇਸ ਉਪਾਖਿਆਨ ਵਿਚ ਭਗਤ ਨਾਮਦੇਵ ਜੀ ਨੂੰ ਮੂਰਤੀ-ਪੂਜ ਦਿਖਾਇਆ ਗਿਆ ਹੈ, ਪਰ ਆਪਣੀ ਬਾਣੀ ਵਿਚ ਭਗਤ ਜੀ ਮੂਰਤੀ ਪੂਜਾ ਦਾ ਸਖ਼ਤ ਖੰਡਨ ਕਰਦੇ ਹਨ। ਆਪ ਦਾ ਪਾਵਨ ਬਚਨ ਹੈ :

**ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥**
**ਜੇ ਓਹੁ ਦੇਉ ਤ ਓਹੁ ਭੀ ਦੇਵਾ॥**
**ਕਹਿ ਨਾਮਦੇਉ ਹਮ ਹਰਿ ਕੀ ਸੇਵਾ॥** *(ਗੂਜਰੀ, ਪੰਨਾ ੫੨੫)*

[**ਅਰਥ :** (ਕੀ ਅਜੀਬ ਗੱਲ ਹੈ!) ਇਕ ਪੱਥਰ ਨੂੰ ਦੇਵਤਾ ਬਣਾ ਕੇ ਉਸ ਨਾਲ ਪਿਆਰ ਕੀਤਾ ਜਾਂਦਾ ਹੈ ਤੇ ਦੂਜੇ ਪੱਥਰਾਂ ਉੱਤੇ ਪੈਰ ਰੱਖਿਆ ਜਾਂਦਾ ਹੈ। ਜੇ ਉਹ ਪੱਥਰ (ਜਿਸਦੀ ਪੂਜਾ ਕੀਤੀ ਜਾਂਦੀ ਹੈ) ਦੇਵਤਾ ਹੈ, ਤਾਂ ਦੂਜਾ ਪੱਥਰ ਵੀ (ਜਿਸ ਉੱਤੇ ਪੈਰ ਰੱਖਦੇ ਹੋ) ਦੇਵਤਾ ਹੈ। ਨਾਮਦੇਉ ਆਖਦਾ ਹੈ (ਅਸੀਂ ਪੱਥਰਾਂ ਤੋਂ ਕੀ ਲੈਣਾ ਹੈ?) ਅਸੀਂ ਤਾਂ ਪਰਮਾਤਮਾ ਦੀ ਭਗਤੀ ਕਰਦੇ ਹਾਂ।]

ਹੁਣ ਸਵਾਲ ਉੱਠਦਾ ਹੈ ਕਿ ਬੀਠੁਲ/ਠਾਕੁਰ ਪੂਜਾ ਵਾਲੀ ਸਾਖੀ ਕਿਵੇਂ ਪ੍ਰਚੱਲਤ ਹੋ ਗਈ? ਇਸ ਦਾ ਕਾਰਨ ਹੈ ਭਗਤ ਨਾਮਦੇਵ ਜੀ ਵਲੋਂ ਉਚਾਰਿਆ ਗਿਆ ਸ਼ਬਦ—'**ਦੂਧੁ ਕਟੋਰੈ ਗਡਵੈ ਪਾਨੀ॥ ਕਪਲ ਗਾਇ ਨਾਮੈ ਦੁਹਿ ਆਨੀ॥**' ਇਸ ਸ਼ਬਦ ਦੇ ਅੰਤਰੀਵ ਅਰਥਾਂ ਨੂੰ ਸਮਝੇ ਬਿਨਾਂ ਸ਼ਾਬਦਿਕ ਅਰਥਾਂ ਦੇ ਆਧਾਰ 'ਤੇ ਸਾਖੀ ਘੜ ਲਈ ਗਈ ਜਾਪਦੀ ਹੈ। ਇਸ ਸ਼ਬਦ ਵਿਚ ਆਏ ਲਫ਼ਜ਼ਾਂ 'ਘਰ ਕੋ ਬਾਪੁ' ਅਤੇ 'ਸੁਇਨ ਕਟੋਰੀ' ਨੂੰ ਵਿਚਾਰਿਆ ਨਹੀਂ ਗਿਆ। 'ਘਰ ਕੋ ਬਾਪੁ' ਦਾ ਅਰਥ 'ਹਿਰਦੇ ਰੂਪੀ ਘਰ ਦਾ ਮਾਲਕ' ਹੈ ਨਾ ਕਿ ਨਾਮਦੇਵ ਜੀ ਦਾ ਪਿਤਾ। ਜੇ ਉਨ੍ਹਾਂ ਦਾ ਇਸ਼ਾਰਾ ਆਪਣੇ ਪਿਤਾ ਵੱਲ ਹੁੰਦਾ ਤਾਂ ਉਹ 'ਘਰ' ਦੀ ਥਾਂ ਤੇ 'ਮੇਰਾ' ਜਾਂ 'ਹਮਰਾ' ਲਿਖਦੇ। ਇਸੇ ਤਰ੍ਹਾਂ ਨਾਮਦੇਵ ਜੀ ਕੋਲ ਸੋਨੇ ਦਾ ਕੌਲ (ਕਟੋਰੀ) ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਅਖੌਤੀ ਨੀਵੀਂ ਜਾਤੀ ਦੇ ਲੋਕਾਂ ਕੋਲ ਇੰਨੇ ਕੀਮਤੀ ਭਾਂਡੇ ਨਹੀਂ ਸਨ ਹੁੰਦੇ (ਸੋਨੇ ਦੇ ਕੌਲ/ਕੌਲੀਆਂ ਕੇਵਲ ਰਾਜਿਆਂ/ਮਹਾਰਾਜਿਆਂ ਪਾਸ ਹੋ ਸਕਦੇ ਹਨ)। ਇਕ ਹੋਰ ਸ਼ਬਦ ਵਿਚ ਵੀ ਭਗਤ ਜੀ ਨੇ ਇਹੋ ਜਿਹੀ ਸ਼ਬਦਾਵਲੀ ਵਰਤੀ ਹੈ :

**ਸੁਇਨੇ ਕੀ ਸੂਈ, ਰੁਪੇ ਕਾ ਧਾਗਾ॥**
**ਨਾਮੇ ਕਾ ਚਿਤੁ ਹਰਿ ਸਉ ਲਾਗਾ॥** *(ਪੰਨਾ ੪੮੫)*

ਸੋਨੇ ਦੀਆਂ ਸੂਈਆਂ (ਕੱਪੜਾ ਸੀਊਣ ਲਈ) ਨਹੀਂ ਹੁੰਦੀਆਂ ਤੇ ਚਾਂਦੀ (ਰੁਪੇ) ਦਾ ਧਾਗਾ ਤਾਂ ਵਰਤਿਆ ਨਹੀਂ ਜਾ ਸਕਦਾ। ਫਿਰ ਮਨ ਨੂੰ ਹਰਿ ਨਾਲ ਜੋੜਨ ਲਈ ਸੂਈ ਤੇ ਧਾਗੇ ਦੀ ਲੋੜ ਨਹੀਂ ਪੈਂਦੀ। ਇਥੇ ਸੂਈ 'ਗੁਰੂ ਦੇ ਸ਼ਬਦ' ਅਤੇ ਧਾਗਾ 'ਸਿੱਖ ਦੀ ਸੁਰਤਿ' ਲਈ ਵਰਤਿਆ ਗਿਆ ਹੈ। ਸ਼ਬਦ-ਸੁਰਤਿ ਦੇ ਮੇਲ ਨਾਲ ਹੀ ਚਿੱਤ ਪ੍ਰਭੂ ਨਾਲ ਜੁੜਦਾ ਹੈ।

ਤੀਜੀ ਗੱਲ 'ਬੀਠਲ' ਦੀ ਹੈ। ਨਾਮਦੇਵ ਜੀ ਦਾ ਬੀਠਲ, ਉਨ੍ਹਾਂ ਦੀ ਬਾਣੀ ਅਨੁਸਾਰ, ਕਿਸੇ ਮੰਦਰ ਵਿਚ ਟਿਕਾਈ ਹੋਈ 'ਇੱਟ ਉੱਤੇ ਬੈਠੇ ਕ੍ਰਿਸ਼ਨ ਜੀ' ਦੀ ਮੂਰਤੀ ਨਹੀਂ ਹੈ; ਸਗੋਂ ਸਰਬ ਵਿਆਪਕ ਤੇ ਹਰੇਕ ਹਿਰਦੇ ਵਿਚ ਵੱਸਦਾ ਪਰਮਾਤਮਾ ਹੈ। ਆਪ ਦਾ ਬਚਨ ਹੈ :

**ਈਭੈ ਬੀਠਲੁ, ਊਭੈ ਬੀਠਲੁ, ਬੀਠਲ ਬਿਨੁ ਸੰਸਾਰੁ ਨਹੀ॥**
**ਥਾਨ ਥਨੰਤਰਿ ਨਾਮਾ ਪ੍ਰਣਵੈ, ਪੂਰਿ ਰਹਿਓ ਤੂੰ ਸਰਬ ਮਹੀ॥**

*(ਆਸਾ, ਪੰਨਾ ੪੮੫)*

ਇਕ ਗੱਲ ਹੋਰ, ਸ਼ੂਦਰਾਂ ਨੂੰ ਤਾਂ ਮੰਦਰਾਂ ਵਿਚ ਜਾਣ ਦਾ ਅਧਿਕਾਰ ਹੀ ਨਹੀਂ ਸੀ, ਫਿਰ ਭਗਤ ਜੀ ਦਾ ਪਿਤਾ ਠਾਕੁਰ ਦੀ ਪੂਜਾ ਕਰਨ ਕਿਵੇਂ ਜਾਂਦਾ ਸੀ ਤੇ ਭਗਤ ਜੀ ਆਪ ਭੋਜਨ ਛਕਾਉਣ ਤੇ ਦੁੱਧ ਪਿਆਉਣ ਮੰਦਰ ਵਿਚ ਕਿਵੇਂ ਚਲੇ ਗਏ ? ਭਗਤ ਜੀ ਦੁਆਰਾ ਉਚਾਰੇ, ਭੈਰਉ ਰਾਗ ਵਿਚ ਦਰਜ, ਇਕ ਹੋਰ ਸ਼ਬਦ (**ਹਸਤ ਖੇਲਤ ਤੇਰੇ ਦੇਹੁਰੇ ਆਇਆ**) ਅਨੁਸਾਰ ਉਨ੍ਹਾਂ ਨੂੰ ਮੰਦਰ ਵਿਚ ਜਾਣ 'ਤੇ ਪੁਜਾਰੀਆਂ ਨੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਸੀ। ਫਿਰ ਆਪ ਨੂੰ ਦੁੱਧ ਪਿਆਉਣ ਦੀ ਇਜਾਜ਼ਤ ਕਿਵੇਂ ਮਿਲ ਗਈ ?

ਇਸ ਤਰ੍ਹਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦੁੱਧ ਪਿਆਉਣ ਵਾਲੀ ਸਾਖੀ ਘੜੀ ਗਈ ਹੈ। ਸੰਬੰਧਿਤ ਸ਼ਬਦ ਵਿਚ 'ਨਾਮ-ਅੰਮ੍ਰਿਤ' ਦੀ ਭਰੀ ਹੋਈ ਹਿਰਦਾ-ਰੂਪ ਕਟੋਰੀ ਪ੍ਰਭੂ ਨੂੰ ਅਰਪਨ ਕਰਨ ਦੀ ਗੱਲ ਕੀਤੀ ਗਈ ਹੈ। ਆਤਮ-ਸਮਰਪਣ ਦੀ ਭਾਵਨਾ ਨਾਲ ਨਾਮ-ਸਿਮਰਨ ਕਰਨ ਨਾਲ ਪ੍ਰਭੂ ਦੀ ਹੋਂਦ ਦਾ ਪ੍ਰਕਾਸ਼ ਹਿਰਦੇ ਵਿਚ ਹੁੰਦਾ ਹੈ—ਇਹ ਗੱਲ ਭਗਤ ਜੀ ਨੇ ਸ਼ਬਦ ਵਿਚ ਸਮਝਾਈ ਹੈ।

### ਵਿਆਹ :

ਜਦੋਂ ਨਾਮਦੇਵ ਜੀ 8 ਸਾਲਾਂ ਦੇ ਹੋਏ ਤਾਂ ਮਾਤਾ-ਪਿਤਾ ਨੇ ਉਨ੍ਹਾਂ ਦਾ ਵਿਆਹ ਗੋਬਿੰਦ ਸ਼ੇਟ ਦੀ ਪੁੱਤਰੀ ਰਾਜਾਬਾਈ ਨਾਲ ਕਰ ਦਿੱਤਾ। ਸਮਾਂ ਪਾ ਕੇ ਉਨ੍ਹਾਂ ਦੇ ਘਰ ਚਾਰ ਪੁੱਤਰ—ਨਾਰਾਇਣ, ਮਹਾਂਦੇਵ, ਗੋਵਿੰਦ ਤੇ ਵਿਠਲ ਅਤੇ ਇਕ ਧੀ ਲਿੰਬਾ ਬਾਈ ਪੈਦਾ ਹੋਈ।

### ਗੁਰੂ ਧਾਰਨ ਕਰਨਾ :

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਨਾਮਦੇਵ ਜੀ ਸਾਧੂਆਂ ਦੀ ਸੰਗਤ ਕਰਨ ਵਿਚ ਅੰਦਰੂਨੀ ਖ਼ੁਸ਼ੀ ਮਹਿਸੂਸ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਦੇ ਕੁਝ ਪੱਕੇ ਸਤਿਸੰਗੀ ਬਣ ਗਏ, ਜਿਨ੍ਹਾਂ ਨਾਲ ਉਹ ਅਧਿਆਤਮਿਕ ਵਿਚਾਰਾਂ ਕਰਦੇ ਰਹਿੰਦੇ ਸਨ।

ਭਾਈ ਜੋਧ ਸਿੰਘ ਜੀ ਲਿਖਦੇ ਹਨ ਕਿ—"ਗਿਆਨ ਦੇਵ, ਨਾਮਦੇਵ ਅਤੇ ਹੋਰ ਸਮਕਾਲੀ ਸੰਤ ਇਕ ਇਕੱਤਰਤਾ ਵਿਚ ਬੈਠੇ ਸਨ ਕਿ ਸੰਤ ਗੋਰਾ, ਜੋ ਕੁਮ੍ਹਿਆਰ (ਘੁਮਿਆਰ) ਸੀ, ਨੂੰ ਕਹਿਆ ਗਇਆ ਕਿ ਉਹ ਵੇਖੇ ਕਿਹੜਾ ਪੱਕਾ ਹੈ ਤੇ ਕਿਹੜਾ ਕੱਚਾ। ਉਸ ਨੇ ਸਭ ਦੇ ਮੱਥੇ ਟਕੋਰਨੇ ਸ਼ੁਰੂ ਕਰ ਦਿੱਤੇ। ਹੋਰ ਸੱਜਣ ਤਾਂ ਚੁੱਪ ਰਹੇ, ਪਰ ਨਾਮਦੇਵ ਕਹਿਣ ਲੱਗਾ ਕਿ ਅਸੀਂ ਕੋਈ ਭਾਂਡੇ ਹਾਂ ਕਿ ਜੋ ਤੂੰ ਟਕੋਰ ਕੇ ਸਾਡਾ ਕੱਚਾ-ਪੱਕਾ ਹੋਣਾ ਜਾਚਦਾ ਹੈਂ। ਗੋਰੇ ਨੇ ਗਿਆਨ ਦੇਵ ਨੂੰ ਕਹਿਆ, ਨਾਮਦੇਵ ਅਜੇ ਕੱਚਾ ਹੈ। ਇਸ ਨੂੰ

ਗੁਰੂ ਧਾਰ ਕੇ, ਉਸ ਪਾਸੋਂ ਸਿਖਿਆ ਲੈਣੀ ਚਾਹੀਦੀ ਹੈ।

ਉਸ ਨੂੰ ਔਂਧ (ਔਂਢ) ਨਾਗਨਾਥ ਦੇ ਨਿਵਾਸੀ ਵਿਸ਼ੋਭਾ ਖੇਚਰ ਦੀ ਦੱਸ ਪਾਈ ਗਈ। ਨਾਮਦੇਵ ਉਸ ਦੇ ਦਰਸ਼ਨਾਂ ਲਈ ਤੁਰ ਪਿਆ। ਰਾਹ ਵਿਚ ਪਹਿਲੋਂ ਆਰਨੈ ਸੰਤ ਸਾਵਤਾ ਪਾਸ ਠਹਿਰਿਆ। ਫਿਰ ਸੰਤ ਕੁਰਮਦਾਸ ਨੂੰ ਧਮਗਾਉਂ ਵਿਚ ਮਿਲ ਕੇ ਗੋਰੇ ਕੁਮ੍ਹਿਆਰ ਨੂੰ ਤੇਰ ਵਿਚ ਜਾ ਮਿਲਿਆ। (ਫਿਰ ਵਿਸ਼ੋਭਾ ਖੇਚਰ ਪਾਸ ਗਿਆ)।

ਵਿਸ਼ੋਭਾ ਖੇਚਰ ਨੇ ਨਾਮਦੇਵ ਦੀ ਪ੍ਰੀਖਿਆ ਕਰਨ ਲਈ ਕੋੜ੍ਹੀ ਦਾ ਰੂਪ ਧਾਰ ਲਿਆ ਅਤੇ (ਮਿਥਿਹਾਸਕ ਘਟਨਾ ਅਨੁਸਾਰ) ਨਾਗਨਾਥ ਭਾਵ ਸ਼ਿਵਲਿੰਗ ਪੁਰ ਪੈਰ ਧਰ ਕੇ ਲੰਮਾ ਪੈ ਗਿਆ। ਨਾਮਦੇਵ ਦੇ ਇਤਰਾਜ਼ ਕਰਨ ਤੇ ਉਸ ਆਖਿਆ ਮੇਰੇ ਪੈਰ ਉੱਧਰ ਕਰ ਦੇ ਜਿਥੇ ਸ਼ਿਵ ਨਹੀਂ। ਨਾਮੇ ਜਦੋਂ ਉਸ ਦੇ ਪੈਰ ਫੜ ਕੇ ਮੂਰਤੀ ਤੋਂ ਹਟਾਣ ਲਈ ਹੋਰ ਥਾਂ ਰੱਖੇ ਤਾਂ ਉਥੇ ਵੀ ਲਿੰਗ ਉਗਮ ਪਿਆ। ਨਾਮੇ ਨੂੰ ਵਿਸ਼ੋਭਾ ਖੇਚਰ ਦੀ ਵਡਿਆਈ ਪੁਰ ਨਿਸ਼ਚਾ ਹੋ ਗਿਆ। ਵਿਸ਼ੋਭਾ ਨੇ ਕਹਿਆ, ਮੈਨੂੰ ਬਿਰਧ ਨੂੰ ਚੁੱਕ ਕੇ ਇਸ ਹਨ੍ਹੇਰੇ ਵਿਚੋਂ ਜ਼ਰਾ ਬਾਹਰ ਕੱਢ ਦਿਉ। ਨਾਮਦੇਵ ਨੇ ਜਦੋਂ ਉਸ ਨੂੰ ਆਪਣੀ ਪਿੱਠ ਪੁਰ ਚੁੱਕਿਆ ਤਾਂ ਉਹ ਲਹੂ ਤੇ ਪਾਕ ਨਾਲ ਲੱਥ-ਪੱਥ ਹੋ ਗਿਆ। ਗੁਰੂ ਵਿਸ਼ੋਭਾ ਨੇ ਇਕੁਰ ਉਸ ਨੂੰ ਦੱਸਿਆ ਕਿ ਨਿਰੰਕਾਰ ਨੂੰ ਮਿਲਣ ਦਾ ਰਾਹ ਔਖਾ ਹੈ ਅਤੇ ਉਸ ਪੁਰ ਚੱਲਣ ਲਈ ਦ੍ਰਿੜ੍ਹਤਾ ਦੀ ਲੋੜ ਹੈ।" (ਭਗਤ ਨਾਮਦੇਵ ਤਥਾ ਹੋਰ ਭਗਤ, ਪੰਨਾ ੩-੪)

ਵਿਸ਼ੋਭਾ ਖੇਚਰ ਮੂਰਤੀ ਪੂਜਾ ਦਾ ਕੱਟੜ ਵਿਰੋਧੀ ਸੀ। ਨਾਮਦੇਵ ਦੇ ਅੰਦਰੋਂ ਮੂਰਤੀ-ਪੂਜਾ ਦਾ ਭਰਮ ਕੱਢਣ ਲਈ ਹੀ ਉਸ ਨੇ ਸ਼ਿਵਲਿੰਗ ਦੀ ਮੂਰਤੀ ਤੇ ਪੈਰ ਰੱਖ ਦਿੱਤਾ ਸੀ।(ਬਾਕੀ ਘਟਨਾ ਮਨੋਕਲਪਿਤ ਹੈ)। ਵਿਸ਼ੋਭਾ ਖੇਚਰ ਦੀਆਂ ਬੁੱਤ ਪੂਜਾ ਦੀ ਨਿਰਾਰਥਕਤਾ ਬਾਰੇ ਪ੍ਰਗਟਾਈਆਂ ਭਾਵਨਾਵਾਂ ਦਾ ਪਤਾ ਉਸਦੇ ਭਜਨ ਤੋਂ ਲਗਦਾ ਹੈ : **ਪਾਸ਼ਨਾ-ਚਾ ਦੇਵ ਬੋਲਚੇ ਨਾ ਕਧੀ** (ਪੱਥਰ ਦੇ ਦੇਵਤੇ ਕਦੇ ਬੋਲਦੇ ਨਹੀਂ)।

ਗੁਰੂ ਧਾਰਨ ਮਗਰੋਂ ਨਾਮਦੇਵ ਨਿਰਾਕਾਰ ਪ੍ਰਭੂ ਦੀ ਭਗਤੀ ਵਿਚ ਹੋਰ ਦ੍ਰਿੜ੍ਹਤਾ ਨਾਲ ਲੱਗ ਗਿਆ। ਉਹ ਹਰ ਸ਼ੈਅ ਅਤੇ ਪ੍ਰਾਣੀ ਵਿਚ ਵਿਆਪਕ ਪ੍ਰਭੂ ਵੇਖਣ ਲੱਗਾ। ਦੁਨਿਆਵੀ ਧੰਦਿਆਂ ਵੱਲ ਵੀ ਉਸਦਾ ਰਵੱਈਆ ਬਦਲ ਗਿਆ। ਪਹਿਲਾਂ ਉਹ ਕਿਰਤ ਵਲੋਂ ਲਾਪ੍ਰਵਾਹ ਸੀ ਅਤੇ ਉਸ ਦੀ ਮਾਂ ਉਸ ਦੇ ਕੰਮ-ਕਾਰ ਨਾ ਕਰਨ ਤੇ ਖਿਝਦੀ ਰਹਿੰਦੀ ਸੀ, ਪਰ ਮਗਰੋਂ ਜਾ ਕੇ ਉਹ ਸਗੋਂ ਹੋਰਨਾਂ ਨੂੰ ਕਿਰਤ ਕਰਦਿਆਂ ਪ੍ਰਭੂ ਦਾ ਸਿਮਰਨ ਕਰਨ ਦੀ ਪ੍ਰੇਰਨਾ ਕਰਨ ਲੱਗ ਪਿਆ। ਇਸ ਸੰਬੰਧ ਵਿਚ ਭਗਤ ਤ੍ਰਿਲੋਚਨ ਅਤੇ ਨਾਮਦੇਵ ਜੀ ਦਾ ਸੰਵਾਦ, ਜਿਸ ਦਾ ਜ਼ਿਕਰ ਭਗਤ ਕਬੀਰ ਜੀ ਨੇ ਕੀਤਾ ਹੈ, ਗੱਲ ਬਿਲਕੁੱਲ ਸਪੱਸ਼ਟ ਕਰ ਦਿੰਦਾ ਹੈ :

**ਸਵਾਲ :**

**ਨਾਮਾ ਮਾਇਆ ਮੋਹਿਆ, ਕਹੈ ਤਿਲੋਚਨੁ ਮੀਤ ॥**
**ਕਾਹੇ ਛੀਪਹੁ ਛਾਇਲੈ, ਰਾਮ ਨ ਲਾਵਹੁ ਚੀਤੁ ॥ ੨੧੨ ॥**

[ਤ੍ਰਿਲੋਚਨ ਜੀ ਆਖਦੇ ਹਨ : ਹੇ ਮਿੱਤਰ ਨਾਮਦੇਵ! ਤੂੰ ਤਾਂ ਮਾਇਆ ਵਿਚ ਫਸਿਆ ਜਾਪਦਾ ਹੈਂ। ਇਹ ਅੰਬਰੇ (ਕੱਪੜੇ) ਕਿਉਂ ਠੇਕ (ਛਾਪ) ਰਿਹਾ ਹੈਂ ? ਪਰਮਾਤਮਾ ਨਾਲ ਚਿੱਤ

ਕਿਉਂ ਨਹੀਂ ਜੋੜਦਾ ?]

**ਜਵਾਬ :**

**ਨਾਮਾ ਕਹੈ ਤਿਲੋਚਨਾ, ਮੁਖ ਤੇ ਰਾਮੁ ਸੰਮ੍ਾਲਿ॥**
**ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ॥ ੨੧੩॥**

[ਨਾਮਦੇਵ ਜੀ ਉੱਤਰ ਦਿੰਦੇ ਹਨ : ਹੇ ਤ੍ਰਿਲੋਚਨ! ਮੂੰਹ ਨਾਲ ਪਰਮਾਤਮਾ ਦਾ ਨਾਮ ਲੈ; ਹੱਥਾਂ-ਪੈਰਾਂ ਨਾਲ ਕੰਮ-ਕਾਜ ਕਰ, ਅਤੇ ਆਪਣਾ ਮਨ ਮਾਇਆ-ਰਹਿਤ ਪਰਮਾਤਮਾ ਨਾਲ ਜੋੜ।]

*(ਸਲੋਕ ਕਬੀਰ ਜੀ, ਪੰਨਾ ੧੩੭੫-੭੬)*

## *ਪੰਡਰਪੁਰ ਵਿਚ :*

ਔਂਧ ਨਾਗਾਨਾਥ ਤੋਂ 15 ਕੁ ਮੀਲ ਦੀ ਵਿੱਥ ਤੇ ਪੰਡਰਪੁਰ (ਪਾਂਧਰਪੁਰ) ਨਾਮ ਦਾ ਸਥਾਨ ਹੈ। ਇਹ ਸਥਾਨ ਭਗਤ ਨਾਮਦੇਵ ਜੀ ਦੀ ਕਰਮ-ਭੂਮੀ ਰਿਹਾ ਹੈ। ਇਸ ਇਲਾਕੇ ਵਿਚ ਟਿਕ ਕੇ ਉਨ੍ਹਾਂ ਨੇ ਭਗਤੀ ਕੀਤੀ ਅਤੇ ਧਰਮ-ਪ੍ਰਚਾਰ ਕੀਤਾ। ਆਪਣੇ ਗੁਰੂ ਨੂੰ ਮਿਲਦੇ ਅਤੇ ਉਸ ਨਾਲ ਵਿਚਾਰ-ਚਰਚਾ ਕਰਦੇ ਰਹੇ। ਕਿਹਾ ਜਾਂਦਾ ਹੈ ਕਿ ਇਕ ਵਾਰ ਉਨ੍ਹਾਂ ਦੀ ਮਾਤਾ, ਪਰਿਵਾਰ ਸਮੇਤ ਇਥੇ ਉਨ੍ਹਾਂ ਨੂੰ ਵਾਪਸ ਲੈ ਜਾਣ ਲਈ ਆਈ, ਪਰ ਵਾਪਸ ਜਾਣ ਦੀ ਥਾਂ ਤੇ ਸਾਰਾ ਪਰਿਵਾਰ ਇਥੇ ਹੀ ਟਿਕ ਗਿਆ।

## *ਪ੍ਰਚਾਰਕ ਸਫ਼ਰ :*

ਕਿਹਾ ਜਾਂਦਾ ਹੈ ਕਿ ਭਗਤ ਨਾਮਦੇਵ ਜੀ ਨੇ ਆਪਣੇ ਸਾਥੀਆਂ ਸਮੇਤ 4 ਪ੍ਰਚਾਰਕ ਸਫ਼ਰ (ਯਾਤਰਾਵਾਂ) ਲਾਏ।

ਪਹਿਲੇ ਵੱਡੇ ਪ੍ਰਚਾਰ-ਸਫ਼ਰ ਵਿਚ ਉਹ ਗਿਆਨੇਸ਼ਵਰ (ਗਿਆਨਦੇਵ) ਦੇ ਨਾਲ ਦੱਖਣੀ, ਪੱਛਮੀ ਤੇ ਉੱਤਰੀ ਭਾਰਤ ਦੇ ਕਈ ਸਥਾਨਾਂ ਤੇ ਗਏ। ਉਨ੍ਹਾਂ ਦਾ ਮਨੋਰਥ ਧਰਮ ਦਾ ਸਹੀ ਰੂਪ ਉਜਾਗਰ ਕਰਨਾ, ਪ੍ਰਭੂ-ਸਿਮਰਨ ਦੀ ਮਹੱਤਤਾ ਦਰਸਾਉਣਾ, ਲੋਕਾਂ ਨੂੰ ਕਰਮ-ਕਾਂਡਾਂ ਤੋਂ ਹਟਾਉਣਾ, ਮਨੁੱਖੀ ਏਕਤਾ ਤੇ ਜ਼ੋਰ ਦੇਣਾ ਤੇ ਊਚ-ਨੀਚ, ਜਾਤ-ਪਾਤ ਦੇ ਵਿਤਕਰੇ ਨੂੰ ਖ਼ਤਮ ਕਰਨਾ ਸੀ। ਗਿਆਨੇਸ਼ਵਰ ਦਾ ਵੱਡਾ ਭਰਾ ਨਿਵ੍ਰਿਤੀ ਨਾਥ ਵੀ ਉਨ੍ਹਾਂ ਦੇ ਨਾਲ ਸੀ। ਧਰਾ ਤੀਰਥ ਤੋਂ ਹੁੰਦੇ ਹੋਏ ਔਂਧ ਨਾਗਨਾਥ ਪੁੱਜੇ। ਇਸ ਤੋਂ ਪਹਿਲਾਂ ਇਥੇ ਹੀ ਵਿਸ਼ੋਭਾ ਖੇਚਰ ਨੂੰ ਗੁਰੂ ਧਾਰਨ ਕਰ ਕੇ ਧਰਮ ਦਾ ਪ੍ਰਚਾਰ ਕੀਤਾ ਸੀ। ਜਨ-ਸਾਧਾਰਨ ਉੱਤੇ ਆਪ ਜੀ ਦੇ ਵਿਚਾਰਾਂ ਦਾ ਖ਼ਾਸਾ-ਚੰਗਾ ਅਸਰ ਸੀ, ਜਿਸ ਤੋਂ ਪੰਡਤ ਬਹੁਤ ਜਲਦੇ ਸਨ। ਮੰਦਰਾਂ ਵਿਚ ਜਾਣ ਬਾਰੇ ਨੀਵੀਆਂ ਜਾਤਾਂ ਤੇ ਲਾਈ ਰੋਕ ਨੂੰ ਤੋੜਨ ਲਈ ਆਪ ਮੰਦਰ[5] ਵਿਚ ਚਲੇ ਗਏ। ਪੰਡਤਾਂ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ

---

5. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਘਟਨਾ ਇਥੇ ਨਹੀਂ ਸਗੋਂ ਮੱਧ ਪ੍ਰਦੇਸ਼ ਦੇ ਨਗਰ ਧਰ ਵਿਖੇ, ਔਂਧੀਆ ਨਾਥ ਦੇ ਮੰਦਰ ਵਿਚ ਹੋਈ ਸੀ। (ਮਹਾਨ ਕੋਸ਼, ਪੰਨਾ 110) ਪਰ ਹੋਰ ਕਿਸੇ ਸ੍ਰੋਤ ਤੋਂ ਇਸਦੀ ਪੁਸ਼ਟੀ ਨਹੀਂ ਹੁੰਦੀ।

ਤੇ ਧੱਕੇ ਮਾਰ ਕੇ ਮੰਦਰ ਵਿਚੋਂ ਬਾਹਰ ਕੱਢ ਦਿੱਤਾ ਅਤੇ ਹੋਰ ਬੁਰਾ-ਭਲਾ ਕਿਹਾ। ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦਾ ਇਕ ਸ਼ਬਦ ਵੀ ਹੈ :

**ਹਸਤ ਖੇਲਤ ਤੇਰੇ ਦੇਹੁਰੇ ਆਇਆ ॥**
**ਭਗਤਿ ਕਰਤ ਨਾਮਾ ਪਕਰਿ ਉਠਾਇਆ ॥ ੧ ॥**
**ਹੀਨੜੀ ਜਾਤਿ ਮੇਰੀ, ਜਾਦਿਮ ਰਾਇਆ ॥**
**ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ੧ ॥ ਰਹਾਉ ॥**
**ਲੈ ਕਮਲੀ ਚਲਿਓ ਪਲਟਾਇ ॥**
**ਦੇਹੁਰੈ ਪਾਛੈ ਬੈਠਾ ਜਾਇ ॥ ੨ ॥**
**ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥**
**ਭਗਤ ਜਨਾਂ ਕਉ ਦੇਹੁਰਾ ਫਿਰੈ ॥ ੩ ॥** *(ਭੈਰਉ, ਪੰਨਾ ੧੧੬੪)*

ਮਲਾਰ ਰਾਗ ਵਿਚ ਉਚਾਰੇ ਇਕ ਹੋਰ ਸ਼ਬਦ ਵਿਚ ਵੀ ਇਸ ਘਟਨਾ ਦਾ ਜ਼ਿਕਰ ਕੀਤਾ ਗਿਆ ਹੈ। ਸ਼ਬਦ ਦੀ ਪਹਿਲੀ ਤੁਕ ਹੈ :

**ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥**
**ਤੂ ਨ ਬਿਸਾਰੇ ਰਾਮਈਆ ॥** *(ਪੰਨਾ ੧੨੯੨)*

ਔਂਧ (ਔਂਢ) ਤੋਂ ਫਿਰ ਯਾਤਰਾ ਤੇ ਤੁਰ ਪਏ। ਕੁਝ ਹੋਰ ਸਾਧੂ ਰਸਤੇ ਵਿਚ ਨਾਲ ਰਲ ਗਏ। ਆਪ ਸਾਰੇ ਪ੍ਰਤਰੀਸਥਾਨ (ਪੈਥਾਨ), ਦੇਵਗਿਰੀ, ਐਲੋਰਾ, ਘ੍ਰਿਨੇਸ਼ਵਰ, ਪੰਚਬਟੀ, ਤ੍ਰਿੰਬਕੇਸ਼ਵਰ, ਜੂਨਾਗੜ੍ਹ ਹੁੰਦੇ ਹੋਏ ਹਸਤਨਾਪੁਰ (ਦਿੱਲੀ) ਪੁੱਜੇ। ਕੁਝ ਲੋਕਾਂ ਦਾ ਖਿਆਲ ਹੈ ਕਿ ਇਥੇ ਬਾਦਸ਼ਾਹ ਮੁਹੰਮਦ ਬਿਨ ਤੁਗ਼ਲਕ ਨੇ ਉਨ੍ਹਾਂ ਤੇ ਅੱਤਿਆਚਾਰ ਕੀਤੇ ਸਨ ਤੇ ਮਰੀ ਹੋਈ ਗਾਂ ਜਿਵਾਲਣ ਨੂੰ ਕਿਹਾ ਸੀ, ਪਰ ਇਹ ਘਟਨਾ ਇਥੇ ਹੋਈ ਨਹੀਂ ਜਾਪਦੀ ਕਿਉਂਕਿ ਸ਼ਬਦ ਅਨੁਸਾਰ ਭਗਤ ਜੀ ਦੀ ਮਾਤਾ ਵੀ ਉਥੇ (ਘਟਨਾ-ਸਥਾਨ ਤੇ) ਹੀ ਸੀ। ਇਹ ਗੱਲ ਸੰਭਵ ਨਹੀਂ, ਕਿਉਂਕਿ ਮਾਤਾ ਤੀਰਥ-ਯਾਤਰਾ ਤੇ ਨਾਲ ਨਹੀਂ ਸੀ।

ਦਿੱਲੀ ਤੋਂ ਚੱਲ ਕੇ ਕਾਂਸ਼ੀ (ਬਨਾਰਸ), ਪ੍ਰਯਾਗ (ਅਲਾਹਾਬਾਦ), ਗਯਾ, ਅਯੁੱਧਿਆ, ਮਥੁਰਾ, ਗੋਕੁਲ, ਬ੍ਰਿੰਦਾਬਨ, ਜਗਨਾਥਪੁਰੀ ਤੇ ਦਵਾਰਕਾ ਆਦਿ ਗਏ। ਇਥੋਂ ਵਾਪਸ ਹੋ ਗਏ। ਮੈਕਾਲਿਫ਼ ਦੇ ਲਿਖੇ ਅਨੁਸਾਰ ਮਾਰਵਾੜ ਵਿਚੋਂ ਲੰਘ ਕੇ ਕਾਮੇਸ਼ਵਰ ਹੋ ਕੇ ਔਂਧ ਨਾਗਨਾਥ ਪੁੱਜ ਗਏ ਤੇ ਉਥੋਂ ਪੰਡਰਪੁਰ ਗਏ।

## *ਮੋਈ ਗਾਂ ਜਿਵਾਲਣ ਦਾ ਪ੍ਰਸੰਗ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੬੪ ਤੇ, ਭੈਰਉ ਰਾਗ ਵਿਚ ਭਗਤ ਨਾਮਦੇਵ ਜੀ ਦਾ ਇਕ ਲੰਮਾ ਸ਼ਬਦ ਹੈ, ਜਿਸ ਦੀਆਂ ਅਰੰਭਕ ਤੁਕਾਂ ਹਨ :

**'ਸੁਲਤਾਨੁ ਪੂਛੈ, ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮ੍ਹਾਰੇ ਕਾਮਾ ॥'** ਇਸ ਸ਼ਬਦ ਦੇ ਸ਼ਾਬਦਿਕ ਅਰਥਾਂ ਅਨੁਸਾਰ (ਕਿਸੇ) ਸੁਲਤਾਨ ਨੇ ਭਗਤ ਜੀ ਨੂੰ ਕੈਦ ਕਰ ਲਿਆ ਤੇ ਆਖਿਆ ਕਿ ਉਹ ਆਪਣੇ ਰਾਮ (ਪ੍ਰਭੂ) ਦੀ ਸ਼ਕਤੀ ਪ੍ਰਗਟਾਉਣ ਲਈ ਮਰੀ ਹੋਈ ਗਾਂ ਜਿਵਾ ਦੇਵੇ, ਨਹੀਂ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ। ਭਗਤ ਜੀ ਨੇ ਕਿਹਾ ਕਿ ਉਹ ਕੁਝ ਨਹੀਂ ਕਰ ਸਕਦੇ ਕਿਉਂਕਿ ਹੁੰਦਾ ਉਹੀ ਹੈ ਜੋ ਪ੍ਰਭੂ ਕਰਦਾ ਹੈ। ਭਲਾ ਮਰੀ ਹੋਈ ਗਾਂ ਕਿਵੇਂ ਜਿਊਂਦੀ ਹੋ ਸਕਦੀ ਹੈ ? ਇਹ

ਸੁਣ ਕੇ ਬਾਦਸ਼ਾਹ ਹੰਕਾਰ (ਗੁੱਸੇ) ਵਿਚ ਆ ਗਿਆ। ਉਸ ਨੇ ਭਗਤ ਜੀ 'ਤੇ ਹਾਥੀ ਚਾੜ੍ਹ ਦਿੱਤਾ। ਹਾਥੀ ਸੁੰਡ ਨਾਲ ਵਾਰ ਕਰਦਾ ਹੈ, ਪਰ ਭਗਤ ਜੀ ਬਚ ਜਾਂਦੇ ਹਨ। ਭਗਤ ਜੀ ਦੀ ਮਾਤਾ ਰੋ-ਰੋ ਕੇ ਆਖਦੀ ਹੈ—ਤੂੰ ਰਾਮ ਦੀ ਥਾਂ ਖ਼ੁਦਾ ਕਿਉਂ ਨਹੀਂ ਕਹਿ ਦਿੰਦਾ (ਉਂਝ ਵੀ ਤਾਂ ਤੂੰ ਰਾਮ ਤੇ ਖ਼ੁਦਾ ਵਿਚ ਅੰਤਰ ਨਹੀਂ ਸਮਝਦਾ) ਪਰ ਭਗਤ ਜੀ ਮਾਂ ਦੀ ਗੱਲ ਮੰਨ ਕੇ ਅੱਤਿਆਚਾਰ ਅੱਗੇ ਝੁਕਣਾ ਪ੍ਰਵਾਨ ਨਹੀਂ ਕਰਦੇ। ਪ੍ਰਭੂ ਨੇ ਕਉਤਕ ਵਰਤਾਇਆ ਤੇ ਮਰੀ ਹੋਈ ਗਾਂ ਜਿਊਂਦੀ ਹੋ ਗਈ। ਬਾਦਸ਼ਾਹ ਨੇ ਮੁਆਫ਼ੀ ਮੰਗੀ ਤੇ ਭਗਤ ਜੀ ਦੀ ਹਰ ਥਾਂ ਵਡਿਆਈ ਹੋਣ ਲੱਗ ਪਈ।

ਉਪ੍ਰੋਕਤ ਘਟਨਾ ਕਿਥੇ ਘਟੀ ਇਸ ਬਾਰੇ ਲੇਖਕਾਂ ਵਿਚ ਮਤਭੇਦ ਹਨ। ਲੇਖਕਾਂ ਅਨੁਸਾਰ ਇਹ ਘਟਨਾ ਦਿੱਲੀ, ਬੇਦਾਰ, ਬਿਦਰ ਜਾਂ ਦੇਵਗਿਰੀ ਵਿਖੇ ਹੋਈ। ਭਗਤ ਜੀ ਦੀ ਮਾਤਾ ਦਾ ਜ਼ਿਕਰ ਆਉਣ ਕਰਕੇ ਇਸ ਗੱਲ ਦੀ ਸੰਭਾਵਨਾ ਵਧਦੀ ਹੈ ਕਿ ਘਟਨਾ ਮਹਾਰਾਸ਼ਟਰ ਵਿਚ ਹੀ ਹੋਈ ਹੋਵੇਗੀ।

ਪ੍ਰਭਾਕਰ ਮਾਂਚਵੇ (ਪੰਨਾ 13) ਅਨੁਸਾਰ ਵੀ. ਕੇ. ਰਜਵਾੜੇ ਨੇ 'ਬਖ਼ਰ' (ਇਤਿਹਾਸਕ ਪੱਤਰ) ਮਾਹੀਮ ਬਾਰੇ ਪ੍ਰਕਾਸ਼ਿਤ ਕੀਤਾ ਸੀ, ਜਿਸ ਦੇ ਛੇਵੇਂ ਅਧਿਆਇ ਵਿਚ ਲਿਖਿਆ ਹੈ ਕਿ "ਬਾਦਸ਼ਾਹ ਨੇ 1296 ਈ: ਵਿਚ ਦੇਵਗਿਰੀ ਨੂੰ ਆਪਣੀ ਸਲਤਨਤ ਵਿਚ ਸ਼ਾਮਿਲ ਕੀਤਾ ਸੀ; ਉਸ ਸਮੇਂ ਨਾਮਦੇਵ ਪੰਡਰਪੁਰ ਵਿਚ ਅਰਾਧਨਾ ਕਰ ਰਿਹਾ ਸੀ ਤੇ ਲੋਕਾਂ ਨੂੰ ਆਤਮਿਕ ਉਪਦੇਸ਼ ਦੇ ਰਿਹਾ ਸੀ।"

ਇਸ ਲਈ ਹੋ ਸਕਦਾ ਹੈ ਕਿ ਬਾਦਸ਼ਾਹ ਦੇ ਕਿਸੇ ਦੌਰੇ ਤੇ ਇਹ ਘਟਨਾ ਦੇਵਗਿਰੀ ਜਾਂ ਨੇੜੇ-ਤੇੜੇ ਕਿਸੇ ਥਾਂ ਹੋਈ ਹੋਵੇ।

### *ਪੰਜਾਬ ਵਿਚ :*

ਜਦ ਭਗਤ ਨਾਮਦੇਵ ਜੀ ਦੇ ਸਭ ਸਾਥੀ ਕਾਲ-ਵੱਸ ਹੋ ਗਏ ਤਾਂ ਆਪ ਮਹਾਰਾਸ਼ਟਰ ਛੱਡ ਪੰਜਾਬ ਆ ਗਏ। ਆਪ ਨੇ ਜੀਵਨ ਦੇ ਆਖ਼ਰੀ ਲਗਭਗ 20 ਸਾਲ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਘੁਮਾਣ ਵਿਖੇ ਗੁਜ਼ਾਰੇ।

### *ਦੇਹਾਂਤ :*

ਭਗਤ ਨਾਮਦੇਵ ਜੀ ਦੇ ਦੇਹਾਂਤ ਬਾਰੇ ਦੋ ਰਾਵਾਂ ਹਨ; ਇਕ ਇਹ ਕਿ ਉਨ੍ਹਾਂ ਦਾ ਦੇਹਾਂਤ 15 ਜਨਵਰੀ, ਸੰਨ 1350 ਨੂੰ ਘੁਮਾਣ ਵਿਚ ਹੀ ਹੋਇਆ ਸੀ। ਸ: ਪੂਰਨ ਸਿੰਘ ਦੇ ਲਿਖਣ ਮੁਤਾਬਿਕ ਇਥੇ ਮੁਹੰਮਦ ਤੁਗ਼ਲਕ ਦੇ ਪੁੱਤਰ ਫ਼ਿਰੋਜ਼ ਤੁਗ਼ਲਕ ਨੇ ਉਨ੍ਹਾਂ ਦੀ ਸਮਾਧੀ ਬਣਾਈ ਸੀ, ਜੋ ਹੁਣ ਤੱਕ ਮੌਜੂਦ ਹੈ। ਇਥੇ ਹਰ ਸਾਲ ਮਾਘ ਦੀ ਦੂਜ ਨੂੰ ਭਾਰੀ ਮੇਲਾ ਲਗਦਾ ਹੈ।

ਬਹੁਤੇ ਲਿਖਾਰੀਆਂ ਦਾ ਇਹ ਮਤ ਹੈ ਕਿ ਭਗਤ ਜੀ ਜੀਵਨ ਦੇ ਅੰਤਲੇ ਸਮੇਂ ਮਹਾਰਾਸ਼ਟਰ ਵਿਖੇ ਪੰਡਰਪੁਰ ਚਲੇ ਗਏ ਸਨ। ਇਥੇ ਹੀ ਸੰਨ 1350 ਵਿਚ ਉਨ੍ਹਾਂ ਦਾ ਦੇਹਾਂਤ ਹੋਇਆ। ਪ੍ਰੋ: ਸਾਹਿਬ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਇਸੇ ਹੀ ਵਿਚਾਰ ਨਾਲ ਸਹਿਮਤ ਹਨ।

# ਭਗਤ ਨਾਮਦੇਵ ਜੀ ਦੀ ਬਾਣੀ

ਭਗਤ ਨਾਮਦੇਵ ਜੀ ਨਿਰਗੁਣ-ਧਾਰਾ ਦੇ ਭਗਤ-ਕਵੀ ਸਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਪ੍ਰਭੂ ਦੀ ਸਰਬ-ਵਿਆਪਕਤਾ, ਉਸਦੀ ਪ੍ਰੇਮਾ-ਭਗਤੀ ਅਥਵਾ ਨਾਮ ਸਿਮਰਨ ਤੇ ਜ਼ੋਰ ਦਿੱਤਾ ਹੈ ਅਤੇ ਦਾਨ-ਪੁੰਨ, ਤੀਰਥ-ਯਾਤਰਾ, ਯੱਗਾਂ-ਵਿਚ ਬਲੀਆਂ ਦੇਣੀਆਂ, ਵਰਤ ਰੱਖਣੇ, ਮੂਰਤੀ ਪੂਜਾ ਆਦਿਕ ਅੰਧ-ਵਿਸ਼ਵਾਸਾਂ, ਧਾਰਮਿਕ ਭੇਖਾਂ ਅਤੇ ਵਰਣ-ਵੰਡ ਤੇ ਆਧਾਰਿਤ ਜਾਤ-ਪਾਤ ਦਾ ਖੰਡਨ ਕੀਤਾ ਹੈ। ਇਸ ਤਰ੍ਹਾਂ ਆਪ ਜੀ ਦੀ ਬਾਣੀ ਵਿਚ ਪ੍ਰਗਟਾਏ ਵਿਚਾਰ ਗੁਰਬਾਣੀ ਨਾਲ ਮਿਲਦੇ-ਜੁਲਦੇ ਹਨ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਆਪ ਦੀ ਬਾਣੀ ਉਨ੍ਹਾਂ ਦੇ ਸ਼ਰਧਾਲੂਆਂ ਤੋਂ ਇਕੱਤਰ ਕੀਤੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਉਸ ਨੂੰ ਵੱਖ-ਵੱਖ ਰਾਗਾਂ ਵਿਚ ਦਰਜ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਦੇ 61 ਸ਼ਬਦ, 18 ਰਾਗਾਂ ਵਿਚ ਦਰਜ ਮਿਲਦੇ ਹਨ।

ਆਪ ਦੀ ਜਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਉਸ ਸਮੇਂ ਦੇ ਭਾਰਤ ਦੀ ਸਰਬ-ਸਾਂਝੀ ਬੋਲੀ ਵਿਚ ਹੈ; ਜੋ ਕਿ ਆਮ ਤੌਰ ਤੇ ਹਿੰਦੀ ਹੀ ਹੈ। ਕਈ ਲਫ਼ਜ਼ ਮਰਾਠੀ, ਪ੍ਰਾਕ੍ਰਿਤ, ਸੰਸਕ੍ਰਿਤ ਤੇ ਫ਼ਾਰਸੀ ਦੇ ਵੀ ਵਰਤੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਆਪ ਦੇ ਨਾਮ ਦੀ ਭਾਰੀ ਮਾਤਰਾ ਵਿਚ ਧਾਰਮਿਕ ਕਵਿਤਾ ਮਿਲਦੀ ਹੈ, ਜੋ ਕਿ ਮਰਾਠੀ ਵਿਚ ਹੈ ਤੇ ਕੁਝ ਸ਼ਬਦ ਹਿੰਦੀ ਵਿਚ ਵੀ ਹਨ। ਇਸ 'ਬਾਣੀ' ਦੇ ਅਭੰਗਾਂ (ਸ਼ਬਦਾਂ) ਦੇ ਸੰਗ੍ਰਹਿ ਨੂੰ 'ਨਾਮਦੇਵ ਗਾਥਾ' ਆਖਦੇ ਹਨ। ਇਸ ਬਾਰੇ ਕੋਈ ਗੱਲ ਪੱਕੇ ਤੌਰ ਤੇ ਨਹੀਂ ਕਹੀ ਜਾ ਸਕਦੀ ਕਿ ਇਸ ਸੰਗ੍ਰਹਿ ਵਿਚ ਕਿੰਨੀ (ਜਾਂ ਕਿਹੜੀ) ਬਾਣੀ ਉਨ੍ਹਾਂ ਦੀ ਆਪਣੀ ਹੈ ਤੇ ਕਿੰਨੀ ਉਨ੍ਹਾਂ ਦੇ ਨਾਮ ਤੇ ਹੋਰਨਾਂ ਦੀ ਲਿਖੀ ਹੈ। ਉਨ੍ਹਾਂ ਦੇ ਸੰਬੰਧ ਵਿਚ ਲਿਖੀਆਂ ਪੁਸਤਕਾਂ ਵਿਚ ਤਾਂ ਇਥੋਂ ਤੱਕ ਲਿਖਿਆ ਗਿਆ ਹੈ ਕਿ ਉਨ੍ਹਾਂ ਨੇ ਇਕ ਕ੍ਰੋੜ ਦੇ ਲਗਪਗ ਛੰਦਾਂ (ਪਦਿਆਂ) ਦੀ ਰਚਨਾ ਕੀਤੀ ਸੀ, ਜੋ ਕਿ ਅਸੰਭਵ ਹੈ ਅਤੇ ਮੰਨਣਯੋਗ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ ਦੇ 61 ਸ਼ਬਦ ਸ਼ੁੱਧ ਰੂਪ ਵਿਚ ਸੁਰੱਖਿਅਤ ਹਨ, ਜਿਨ੍ਹਾਂ ਨਾਲ ਮਿਲਦੇ-ਜੁਲਦੇ 'ਅਭੰਗ' (ਸ਼ਬਦ) ਮਰਾਠੀ ਵਿਚ ਲਿਖਤ ਬਾਣੀ ਵਿਚ ਵੀ ਮੌਜੂਦ ਹਨ।

# ਭਗਤ ਨਾਮਦੇਵ ਜੀ ਦੇ ਧਾਰਮਿਕ ਸਿਧਾਂਤ

## *1. ਨਿਰਾਕਾਰ ਪ੍ਰਭੂ ਦੀ ਪੂਜਾ*

ਪੂਜਾ ਕੇਵਲ ਇਕੋ ਪ੍ਰਭੂ ਦੀ ਕਰਨੀ ਚਾਹੀਦੀ ਹੈ, ਜੋ ਕਿਸੇ ਧਰਮ-ਅਸਥਾਨ ਦੀ ਚਾਰ-ਦੀਵਾਰੀ ਅੰਦਰ ਕੈਦ ਨਹੀਂ, ਸਗੋਂ ਹਰ ਥਾਂ ਤੇ ਹਰ ਜੀਵ ਦੇ ਹਿਰਦੇ ਵਿਚ ਹੈ :

**ਹਿੰਦੂ ਪੂਜੈ ਦੇਹੁਰਾ, ਮੁਸਲਮਾਣੁ ਮਸੀਤਿ ॥**
**ਨਾਮੇ ਸੋਈ ਸੇਵਿਆ, ਜਹ ਦੇਹੁਰਾ ਨ ਮਸੀਤਿ ॥**

*(ਗੋਂਡ, ਪੰਨਾ ੮੭੫)*

ਭਗਤ ਜੀ ਨੇ ਨਿਰਾਕਾਰ ਪ੍ਰਭੂ ਲਈ **ਬੀਠਲ** ਸ਼ਬਦ ਵਰਤਿਆ ਹੈ, ਉਂਝ ਇਹ ਸ਼ਬਦ ਉਨ੍ਹਾਂ ਦੇ ਇਲਾਕੇ ਵਿਚ ਇੱਟ ਤੇ ਖੜ੍ਹੇ ਕ੍ਰਿਸ਼ਨ ਜੀ ਦੀ ਮੂਰਤੀ ਲਈ ਵਰਤਿਆ ਜਾਂਦਾ ਸੀ। 'ਬੀਠਲ' ਦੇ ਅਰਥ ਕਰਦਿਆਂ ਭਾਈ ਜੋਧ ਸਿੰਘ ਜੀ ਲਿਖਦੇ ਹਨ :

'ਵੀਟ' ਮਰਾਠੀ ਵਿਚ ਇੱਟ ਨੂੰ ਆਖਦੇ ਹਨ। 'ਸਥਲ' ਦਾ ਅਰਥ ਥਾਂ ਹੈ। ਸੋ ਵੀਟ-ਸਥਲ ਜੁੜ ਕੇ ਹੌਲੀ-ਹੌਲੀ ਵਿਠਲ (ਪੰਜਾਬੀ 'ਬੀਠਲ') ਬਣ ਗਿਆ ਅਤੇ ਵਿਸ਼ਨੂੰ ਦੇ ਇਸ ਅਵਤਾਰ (ਕ੍ਰਿਸ਼ਨ) ਦੀ ਪੂਜਾ ਲਈ ਮੰਦਰ ਅਸਥਾਪਨ ਹੋ ਗਿਆ।

ਜਿਵੇਂ ਗੁਰੂ ਸਾਹਿਬਾਂ ਨੇ ਪੁਰਾਤਨ ਦੇਵਤਿਆਂ ਦੇ ਨਾਮ ਇਕ-ਅਕਾਲ ਪੁਰਖ ਲਈ ਵਰਤੇ ਹਨ, ਤਿਵੇਂ ਹੀ ਭਗਤ ਜੀ ਨੇ ਬੀਠਲ/ਵਿਠਲ ਦਾ ਨਾਮ ਪ੍ਰਭੂ ਲਈ ਵਰਤ ਲਿਆ ਹੈ। ਗੁਰੂ ਸਾਹਿਬਾਂ ਨੇ ਵੀ ਬੀਠਲ ਸ਼ਬਦ ਪ੍ਰਭੂ ਲਈ ਵਰਤਿਆ ਹੈ; ਜਿਵੇਂ :

**ਨਾਮੁ ਨਰਹਰ ਨਿਧਾਨੁ ਜਿਨ ਕੈ, ਰਸ ਭੋਗ ਏਕ ਨਰਾਇਣਾ ॥**
**ਰਸ ਰੂਪ ਰੰਗ ਅਨੰਤ *ਬੀਠਲ* ਸਾਸਿ ਸਾਸਿ ਧਿਆਇਣਾ ॥**

*(ਰਾਮਕਲੀ, ਮ: ੫, ਪੰਨਾ ੯੨੫)*

**ਜੀਵਤੁ ਰਾਮ ਕੇ ਗੁਣ ਗਾਇ ॥**
**ਕਰਹੁ ਕ੍ਰਿਪਾ ਗੋਪਾਲ *ਬੀਠੁਲੇ*, ਬਿਸਰਿ ਨ ਕਬ ਹੀ ਜਾਇ ॥**

*(ਸਾਰਗ, ਮ: ੫, ਪੰਨਾ ੧੨੨੩)*

ਭਗਤ ਨਾਮਦੇਵ ਜੀ ਖ਼ੁਦ ਬੀਠਲ ਦੀ ਵਿਆਖਿਆ ਇੰਝ ਕਰਦੇ ਹਨ :

**ਐਸੋ ਰਾਮ ਰਾਇ ਅੰਤਰਜਾਮੀ ॥**
**ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥ ੧ ॥ ਰਹਾਉ ॥**
**ਬਸੈ ਘਟਾ ਘਟ ਲੀਪ ਨ ਛੀਪੈ ॥ ਬੰਧਨ ਮੁਕਤਾ ਜਾਤੁ ਨ ਦੀਸੈ ॥ ੧ ॥**
**ਪਾਨੀ ਮਾਹਿ ਦੇਖੁ ਮੁਖੁ ਜੈਸਾ ॥ ਨਾਮੇ ਕੋ ਸੁਆਮੀ *ਬੀਠਲੁ* ਐਸਾ ॥**

*(ਕਾਨੜਾ, ਪੰਨਾ ੧੩੧੮)*

[ਭਾਵ : ਨਾਮਦੇਵ ਦਾ ਪ੍ਰਭੂ 'ਬੀਠਲ' ਅਜਿਹਾ ਹੈ—ਜੋ ਹਰੇਕ ਹਿਰਦੇ ਵਿਚ ਵਸਣ ਵਾਲਾ, ਪਰ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਸ਼ੀਸ਼ੇ ਤੇ ਪਾਣੀ ਵਿਚ ਵੇਖਣ ਵਾਲੇ ਦਾ ਮੂੰਹ ਪ੍ਰਤੱਖ ਦਿਖਾਈ ਦਿੰਦਾ ਹੈ, ਪਰ ਉਸ ਉੱਤੇ ਸ਼ੀਸ਼ੇ/

ਪਾਣੀ ਦਾ ਕੋਈ ਅਸਰ ਨਹੀਂ ਹੁੰਦਾ।]

ਦੇਵੀ-ਦੇਵਤਿਆਂ ਦੀ ਪੂਜਾ ਦੀ ਥਾਂ ਤੇ ਇਕ ਅਕਾਲ ਪੁਰਖ ਦੀ ਪੂਜਾ ਕਰਨ ਬਾਰੇ ਭਗਤ ਜੀ ਸਪੱਸ਼ਟ ਲਿਖਦੇ ਹਨ ਕਿ ਮੈਨੂੰ ਕਿਸੇ ਦੇਵੀ ਦੇਵਤੇ ਦੀ ਕੋਈ ਲੋੜ ਨਹੀਂ :

**ਹਉ ਤਉ ਏਕੁ ਰਮਈਆ ਲੈਹਉ ॥**
**ਆਨ ਦੇਵ ਬਦਲਾਵਨਿ ਦੈਹਉ ॥** (ਗੋਂਡ, ਪੰਨਾ ੮੭੪)

## *2. ਪ੍ਰਭੂ ਸਰਬ ਵਿਆਪਕ ਹੈ :*

ਇਕੋ ਪ੍ਰਭੂ ਹਰ ਥਾਂ, ਸ੍ਰਿਸ਼ਟੀ ਦੇ ਹਰ ਜ਼ੱਰੇ-ਜ਼ੱਰੇ ਵਿਚ ਤੇ ਹਰੇਕ ਜੀਵ ਦੇ ਅੰਦਰ ਮੌਜੂਦ ਹੈ। ਸਭ ਜੀਵਾਂ ਵਿਚ ਪ੍ਰਭੂ ਦੀ ਹੀ ਜੀਵਨ-ਸੱਤਾ ਹੈ :

**ਏਕ ਅਨੇਕ ਬਿਆਪਕ ਪੂਰਕ, ਜਤ ਦੇਖਉ ਤਤ ਸੋਈ ॥**
**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ, ਬਿਰਲਾ ਬੂਝੈ ਕੋਈ ॥ ੧ ॥**
**ਸਭੁ ਗੋਬਿੰਦੁ ਹੈ, ਸਭੁ ਗੋਬਿੰਦੁ ਹੈ, ਗੋਬਿੰਦ ਬਿਨੁ ਨਹੀ ਕੋਈ ॥**
**ਸੂਤੁ ਏਕੁ ਮਣਿ ਸਤ ਸਹੰਸ ਜੈਸੇ, ਓਤਿ ਪੋਤਿ ਪ੍ਰਭੁ ਸੋਈ ॥ ੧ ॥ ਰਹਾਉ ॥**
(ਆਸਾ, ਪੰਨਾ ੪੮੫)

[**ਪਦ ਅਰਥ : ਪੂਰਕ**—ਭਰਪੂਰ। **ਜਤ**—ਜਿੱਧਰ। **ਤਤ**—ਉੱਧਰ। **ਚਿਤ੍ਰ**—ਤਸਵੀਰਾਂ। **ਬਚਿਤ੍ਰ**—ਰੰਗ-ਰੰਗ ਦੀਆਂ। **ਬਿਮੋਹਿਤ**—ਚੰਗੀ ਤਰ੍ਹਾਂ ਮੋਹੇ ਜਾਂਦੇ ਹਨ। **ਸੂਤੁ**—ਧਾਗਾ। **ਮਣਿ**—ਮਣਕੇ। **ਸਤ**—ਸ਼ਤ, ਸੈਂਕੜੇ। **ਸਹੰਸ**—ਹਜ਼ਾਰਾਂ। **ਓਤਿ ਪੋਤਿ**—ਓਤ-ਪ੍ਰੋਤ, ਤਾਣੇ ਪੇਟੇ ਵਾਂਗ ਮਿਲੇ ਹੋਏ।]

**ਈਭੈ ਬੀਠਲੁ, ਊਭੈ ਬੀਠਲੁ, ਬੀਠਲ ਬਿਨੁ ਸੰਸਾਰੁ ਨਹੀ ॥**
**ਥਾਨ ਥਨੰਤਰਿ ਨਾਮਾ ਪ੍ਰਣਵੈ, ਪੂਰਿ ਰਹਿਓ ਤੂੰ ਸਰਬ ਮਹੀ ॥**
(ਆਸਾ, ਪੰਨਾ ੪੮੫)

**ਸਭੈ ਘਟ ਰਾਮੁ ਬੋਲੈ, ਰਾਮਾ ਬੋਲੈ ॥**
**ਰਾਮ ਬਿਨਾ ਕੋ ਬੋਲੈ ਰੇ ॥ ੧ ॥ ਰਹਾਉ ॥**
**ਏਕਲ ਮਾਟੀ ਕੁੰਜਰ ਚੀਟੀ, ਭਾਜਨ ਹੈਂ ਬਹੁ ਨਾਨਾ ਰੇ ॥**
**ਅਸਥਾਵਰ ਜੰਗਮ ਕੀਟ ਪਤੰਗਮ, ਘਟਿ ਘਟਿ ਰਾਮੁ ਸਮਾਨਾ ਰੇ ॥ ੧ ॥**
(ਮਾਲੀ ਗਉੜਾ, ਪੰਨਾ ੯੮੮)

[**ਪਦ ਅਰਥ : ਏਕਲ ਮਾਟੀ**—ਇਕੋ ਹੀ ਮਿੱਟੀ ਤੋਂ। **ਕੁੰਜਰ**—ਕੁੰਚਰ, ਹਾਥੀ। **ਭਾਜਨ**—ਭਾਂਡੇ। **ਨਾਨਾ**—ਕਈ ਤਰ੍ਹਾਂ ਦੇ। **ਅਸਥਾਵਰ**—ਰੁੱਖ (ਪਰਬਤ ਆਦਿ) ਜੋ ਇਕੋ ਥਾਂ ਤੇ ਟਿਕੇ ਰਹਿੰਦੇ ਹਨ। **ਜੰਗਮ**—ਤੁਰਨ ਫਿਰਨ, ਹਿੱਲਣ-ਜੁੱਲਣ ਵਾਲੇ ਜੀਵ-ਜੰਤ। **ਕੀਟ**—ਕੀੜੇ। **ਘਟਿ-ਘਟਿ**—ਹਰੇਕ ਹਿਰਦੇ ਵਿਚ।]

## *3. ਪ੍ਰਭੂ ਦਾ ਅੰਤ ਨਹੀਂ ਪਾਇਆ ਜਾ ਸਕਦਾ*

ਪ੍ਰਭੂ ਬੇਅੰਤ ਹੈ। ਉਸ ਦੀ ਹੋਂਦ ਨੂੰ ਅਨੁਭਵ ਤਾਂ ਕੀਤਾ ਜਾ ਸਕਦਾ ਹੈ, ਪਰ ਉਸ

ਦੇ ਸਮੁੱਚੇ ਸਰੂਪ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਮਨੁੱਖੀ ਮਨ ਦੀ ਪਕੜ ਤੋਂ ਬਾਹਰ ਹੈ, ਅਪਹੁੰਚ ਹੈ। ਵਿਦਿਆ ਦੇ ਬਲ ਨਾਲ ਕੋਈ ਉਸ ਨੂੰ ਨੇੜੇ, ਕੋਈ ਦੂਰ ਆਖਦਾ ਹੈ, ਪਰ ਇਹ ਨਿਰਾ ਵਿਅਰਥ ਵਾਦ-ਵਿਵਾਦ ਹੈ :

**ਕੋਈ ਬੋਲੈ ਨਿਰਵਾ, ਕੋਈ ਬੋਲੈ ਦੂਰਿ ॥**
**ਜਲ ਕੀ ਮਾਛੁਲੀ ਚਰੈ ਖਜੂਰਿ ॥ ੧ ॥**
**ਕਾਂਇ ਰੇ ਬਕਬਾਦੁ ਲਾਇਓ ॥**
**ਜਿਨਿ ਹਰਿ ਪਾਇਓ, ਤਿਨਹਿ ਛਪਾਇਓ ॥ ੧ ॥ ਰਹਾਉ ॥**

*(ਟੋਡੀ, ਪੰਨਾ ੭੧੮)*

[**ਪਦ ਅਰਥ : ਬੋਲੈ**—ਆਖਦਾ ਹੈ। **ਨਿਰਵਾ**—ਨੇੜੇ। **ਚਰੈ**—ਚੜ੍ਹਦੀ ਹੈ, ਚੜ੍ਹਨ ਦਾ ਯਤਨ ਕਰਦੀ ਹੈ। **ਖਜੂਰਿ**—ਖਜੂਰ ਦੇ ਰੁੱਖ ਉੱਤੇ। **ਕਾਂਇ**—ਕਿਉਂ, ਕਾਹਦੇ ਲਈ? **ਬਕਵਾਦੁ**—ਵਿਅਰਥ ਝਗੜਾ, ਬਹਿਸ।]

**ਮਲੈ ਨ ਲਾਛੈ, ਪਾਰ ਮਲੋ, ਪਰਮਲੀਓ ਬੈਠੋ ਰੀ ਆਈ ॥**
**ਆਵਤ ਕਿਨੈ ਨ ਪੇਖਿਓ, ਕਵਨੈ ਜਾਣੈ, ਰੀ ਬਾਈ ॥ ੧ ॥**
**ਕਉਣੁ ਕਹੈ, ਕਿਣਿ ਬੂਝੀਐ, ਰਮਈਆ ਆਕੁਲੁ ਰੀ ਬਾਈ ॥ ਰਹਾਉ ॥**

*(ਪੰਨਾ ੫੨੫)*

[**ਅਰਥ** : ਹੇ ਭੈਣ! ਉਸ ਸੋਹਣੇ ਰਾਮ ਨੂੰ ਮੈਲ ਦਾ ਦਾਗ ਤੱਕ ਨਹੀਂ ਹੈ, ਉਹ ਮੈਲ ਤੋਂ ਪਰ੍ਹੇ ਹੈ, ਉਹ ਰਾਮ ਤਾਂ ਸੁਗੰਧੀ ਵਾਂਗ ਸਭ ਜੀਵਾਂ ਵਿਚ ਵੱਸਦਾ ਹੈ। ਉਸ ਸੋਹਣੇ ਰਾਮ ਨੂੰ ਕਿਸੇ ਨੇ ਜੰਮਦਾ ਨਹੀਂ ਦੇਖਿਆ; ਕੋਈ ਨਹੀਂ ਜਾਣਦਾ ਉਹੋ ਕਿਹੋ ਜਿਹਾ ਹੈ। ੧।

ਹੇ ਭੈਣ! ਮੇਰਾ ਸੋਹਣਾ ਰਾਮ ਹਰ ਥਾਂ ਵਿਆਪਕ ਹੈ, ਪਰ ਕੋਈ ਜੀਵ ਵੀ (ਉਸ ਦਾ ਮੁਕੰਮਲ ਸਰੂਪ) ਬਿਆਨ ਨਹੀਂ ਕਰ ਸਕਦਾ, ਕਿਸੇ ਨੇ ਵੀ (ਉਸਦੇ ਮੁਕੰਮਲ ਸਰੂਪ ਨੂੰ) ਨਹੀਂ ਸਮਝਿਆ। ੧। ਰਹਾਉ।]

## *4. ਪਰਮਾਤਮਾ ਤੇ ਜੀਵਾਤਮਾ*

ਪਰਮਾਤਮਾ ਤੇ ਜੀਵਾਤਮਾ ਦਾ ਅਸਲਾ ਇਕੋ ਹੀ ਹੈ; ਫ਼ਰਕ ਕੇਵਲ ਸਮਰੱਥਾ ਦਾ ਹੈ :

**ਬਦਹੁ ਕੀ ਨ ਹੋਡ ਮਾਧਉ ਮੋ ਸਿਉ ॥**
**ਠਾਕੁਰ ਤੇ ਜਨੁ, ਜਨ ਤੇ ਠਾਕੁਰੁ; ਖੇਲੁ ਪਰਿਓ ਹੈ ਤੋ ਸਿਉ ॥ ੧ ॥ ਰਹਾਉ ॥**
**ਆਪਨ ਦੇਉ, ਦੇਹੁਰਾ ਆਪਨ; ਆਪ ਲਗਾਵੈ ਪੂਜਾ ॥**
**ਜਲ ਤੇ ਤਰੰਗ, ਤਰੰਗ ਤੇ ਹੈ ਜਲੁ, ਕਹਨ ਸੁਨਨ ਕਉ ਦੂਜਾ ॥**

*(ਸਾਰੰਗ, ਪੰਨਾ ੧੨੫੨)*

[**ਪਦ ਅਰਥ : ਬਦਹੁ**—ਲਾਉਂਦਾ, ਮਿਥਦਾ। **ਹੋਡ**—ਸ਼ਰਤ। **ਬਦਹੁ...ਸਿਉ**—ਹੇ

ਮਾਧੋ! ਮੇਰੇ ਨਾਲ ਸ਼ਰਤ ਕਿਉਂ ਨਹੀਂ ਲਾਉਂਦਾ, ਵਿਚਾਰ ਕਿਉਂ ਨਹੀਂ ਕਰਦਾ? **ਖੇਲੁ**—ਜਗਤ ਰੂਪੀ ਖੇਡ। **ਠਾਕੁਰ**—ਮਾਲਕ। **ਜਨੁ**—ਸੇਵਕ। **ਦੇਉ**—ਦੇਵਤਾ, ਮੰਦਰ ਵਿਚ ਪੂਜਣ ਵਾਲੀ ਮੂਰਤੀ। **ਦੇਹੁਰਾ**—ਮੰਦਰ। **ਦੂਜਾ**—ਵੱਖੋ—ਵੱਖ।]

## 5. ਨਾਮ ਸਿਮਰਨ

ਪ੍ਰਭੂ ਦਾ ਨਾਮ ਸਿਮਰਨਾ ਸਭ ਤੋਂ ਉੱਤਮ ਧਰਮ ਹੈ। ਇਸ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ, ਪ੍ਰਭੂ ਆਪਣੇ ਹਿਰਦੇ ਵਿਚੋਂ ਹੀ ਲੱਭ ਪੈਂਦਾ ਹੈ। ਪ੍ਰਭੂ ਦਾ ਨਾਮ ਜਿੰਦ ਦਾ ਇਕੋ ਇਕ ਸਹਾਰਾ ਹੈ। ਇਸ ਨਾਲ ਦੁੱਖ-ਚਿੰਤਾਵਾਂ ਦੂਰ ਹੁੰਦੀਆਂ ਹਨ, ਜਾਤ-ਕੁਲ ਦਾ ਵਿਤਕਰਾ ਦੂਰ ਹੁੰਦਾ ਹੈ, ਮੌਤ ਦਾ ਡਰ ਦੂਰ ਹੁੰਦਾ ਹੈ। ਇਸ ਲਈ ਜਿਹੜੇ ਮਨੁੱਖ ਵਾਹਿਗੁਰੂ ਦਾ ਨਾਮ ਨਹੀਂ ਜਪਦੇ, ਉਨ੍ਹਾਂ ਨਾਲ ਬੈਠਣਾ-ਉੱਠਣਾ ਨਹੀਂ ਚਾਹੀਦਾ :

**ਜੋ ਜਨ ਜਾਨਿ ਭਜਹਿ ਪੁਰਖੋਤਮੁ, ਤਾ ਚੀ ਅਬਿਗਤੁ ਬਾਣੀ॥**
**ਨਾਮਾ ਕਹੈ ਜਗਜੀਵਨੁ ਪਾਇਆ, ਹਿਰਦੈ ਅਲਖ ਬਿਡਾਣੀ॥**

*(ਪੰਨਾ ੧੩੫੧)*

[**ਅਰਥ** : ਜੋ ਜਨ ਅਕਾਲ ਪੁਰਖ ਨੂੰ ਇਉਂ (ਸਰਬ ਵਿਆਪਕ) ਜਾਣ ਕੇ ਸਿਮਰਦੇ ਹਨ, ਉਹਨਾਂ ਦੀ ਬਾਣੀ ਪ੍ਰਭੂ ਦਾ ਨਾਮ ਬਣ ਜਾਂਦਾ ਹੈ (ਭਾਵ : ਉਹ ਹਰ ਵੇਲੇ ਸਿਫ਼ਤ-ਸਾਲਾਹ ਹੀ ਕਰਦੇ ਹਨ)। ਨਾਮਦੇਵ ਆਖਦਾ ਹੈ, ਉਨ੍ਹਾਂ ਬੰਦਿਆਂ ਨੇ ਅਸਚਰਜ, ਅਲੱਖ ਤੇ ਸੰਸਾਰ ਦੇ ਜੀਵਨ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਹੀ ਲੱਭ ਲਿਆ ਹੈ।]

**ਨਾਮਦੇਇ ਸਿਮਰਨੁ ਕਰਿ ਜਾਨਾਂ॥**
**ਜਗਜੀਵਨ ਸਿਉ ਜੀਉ ਸਮਾਨਾਂ॥**

*(ਬਿਲਾਵਲੁ, ਪੰਨਾ ੮੫੮)*

**ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥**
**ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥**

*(ਤਿਲੰਗ, ਪੰਨਾ ੭੨੭)*

[**ਪਦ ਅਰਥ** : **ਟੇਕ**—ਸਹਾਰਾ, ਡੰਗੋਰੀ। **ਖੁੰਦਕਾਰਾ**—ਹੇ ਬਾਦਸ਼ਾਹ! **ਖੁੰਦਕਾਰ**—ਬਾਦਸ਼ਾਹ। **ਮਸਕੀਨ**—ਆਜਿਜ਼।]

**ਹਰਿ ਹਰਿ ਕਰਤ ਜਾਤਿ ਕੁਲ ਹਰੀ॥**
**ਸੋ ਹਰਿ ਅੰਧੁਲੇ ਕੀ ਲਾਕਰੀ॥ ੧॥**
**ਹਰਏ ਨਮਸਤੇ ਹਰਏ ਨਮਹ॥**
**ਹਰਿ ਹਰਿ ਕਰਤ ਨਹੀ ਦੁਖੁ ਜਮਹ॥** *(ਗੋਂਡ, ਪੰਨਾ ੮੭੪)*

**ਜਹ ਜਹ ਦੇਖਉ ਤਹ ਤਹ ਰਾਮਾ॥**
**ਹਰਿ ਕੇ ਚਰਨ ਨਿਤ ਧਿਆਵੈ ਨਾਮਾ॥**

*(ਗੋਂਡ, ਪੰਨਾ ੮੭੩)*

ਜੋ ਨ ਭਜੰਤੇ ਨਾਰਾਇਣਾ॥ ਤਿਨ ਕਾ ਮੈ ਨ ਕਰਉ ਦਰਸਨਾ॥

(ਭੈਰਉ, ਪੰਨਾ ੧੧੬੩)

## 6. ਸਿਮਰਨ ਦੀਆਂ ਬਰਕਤਾਂ

(ੳ) ਸਿਮਰਨ ਨਾਲ ਸਭ ਡਰ ਤੇ ਮੁਸੀਬਤਾਂ ਟਲ ਜਾਂਦੀਆਂ ਹਨ :

ਪ੍ਰਣਵੈ ਨਾਮਾ ਐਸੋ ਹਰੀ॥

ਜਾਸੁ ਜਪਤ ਭੈ ਅਪਦਾ ਟਰੀ॥ (ਗੋਂਡ, ਪੰਨਾ ੮੭੪)

(ਅ) ਨਾਮ ਸਿਮਰਨ ਨਾਲ ਨੀਵੇਂ ਤੇ ਨੀਚ ਕਹੇ ਜਾਣ ਵਾਲੇ ਮਨੁੱਖ ਵੀ ਸੰਸਾਰ ਸਾਗਰ ਤੋਂ ਤਰ ਜਾਂਦੇ ਹਨ :

ਦੇਵਾ, ਪਾਹਨ ਤਾਰੀਅਲੇ॥ ਰਾਮ ਕਹਤ ਜਨ ਕਸ ਨ ਤਰੇ॥ ੧॥ ਰਹਾਉ॥

ਤਾਰੀਲੇ ਗਨਿਕਾ, ਬਿਨੁ ਰੂਪ ਕੁਬਿਜਾ, ਬਿਆਧਿ ਅਜਾਮਲੁ ਤਾਰੀਅਲੇ॥

ਚਰਨ ਬਧਿਕ ਜਨ ਤੇਊ ਮੁਕਤਿ ਭਏ॥ ਹਉ ਬਲਿ ਬਲਿ ਜਿਨ ਰਾਮ ਕਹੇ॥

(ਗਉੜੀ ਚੇਤੀ, ਪੰਨਾ ੩੪੫)

[ਪਦ ਅਰਥ : **ਦੇਵਾ**—ਹੇ ਪ੍ਰਭੂ। **ਪਾਹਨ**—ਪੱਥਰ। **ਤਾਰੀਅਲੇ**—ਤਾਰ ਦਿੱਤੇ। **ਕਸ ਨ**—ਕਿਉਂ ਨਾ? **ਗਨਿਕਾ**—ਇਕ ਵੇਸਵਾ। **ਬਿਨੁ ਰੂਪ**—ਰੂਪ ਹੀਨ। **ਕੁਬਿਜਾ**—ਕੁੱਬੀ ਲੜਕੀ, ਜਿਸ ਦਾ ਕੁੱਬ ਸ੍ਰੀ ਕ੍ਰਿਸ਼ਨ ਨੇ ਦੂਰ ਕੀਤਾ ਮੰਨਿਆ ਜਾਂਦਾ ਹੈ। **ਚਰਨ ਬਧਿਕ**—ਉਹ ਸ਼ਿਕਾਰੀ ਜਿਸ ਨੇ ਭੁਲੇਖੇ ਨਾਲ ਸ੍ਰੀ ਕ੍ਰਿਸ਼ਨ ਦੇ ਪੈਰਾਂ ਵਿਚ ਤੀਰ ਮਾਰਿਆ ਸੀ। **ਬਿਆਧਿ**—ਰੋਗਾਂ (ਵਿਕਾਰਾਂ) ਵਿਚ ਪ੍ਰਵਿਰਤ। **ਅਜਾਮਲੁ**—ਕਨੌਜ ਦਾ ਇਕ ਦੁਰਾਚਾਰੀ ਬ੍ਰਾਹਮਣ।]

(ੲ) ਸਿਮਰਨ ਨਾਲ ਮੌਤ ਦਾ ਡਰ ਨਹੀਂ ਰਹਿੰਦਾ ਅਤੇ ਜਾਤ-ਪਾਤ ਵਲੋਂ ਵੇਪਰਵਾਹ ਹੋ ਜਾਈਦਾ ਹੈ :

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥

ਮਪਿ ਮਪਿ ਕਾਟਉ ਜਮ ਕੀ ਫਾਸੀ॥

ਕਹਾ ਕਰਉ ਜਾਤੀ, ਕਹ ਕਰਉ ਪਾਤੀ॥

ਰਾਮ ਕੋ ਨਾਮੁ ਜਪਉ ਦਿਨ ਰਾਤੀ॥ (ਆਸਾ, ੪੮੫)

(ਸ) ਨਾਮ ਸਿਮਰਨ ਨਾਲ ਆਸ਼ਾਵਾਂ, ਤ੍ਰਿਸ਼ਨਾਂ ਦਾ ਖਾਤਮਾ ਹੁੰਦਾ ਹੈ ਅਤੇ ਚਿੰਤਾ-ਮੁਕਤ ਹੋ ਜਾਈਦਾ ਹੈ :

ਪਾਰਬ੍ਰਹਮੁ ਜਿ ਚੀਨ੍ਹਸੀ, ਆਸਾ ਤੇ ਨ ਭਾਵਸੀ॥

ਰਾਮਾ ਭਗਤਹ ਚੇਤੀਅਲੇ, ਅਚਿੰਤ ਮਨੁ ਰਾਖਸੀ॥

(ਆਸਾ, ਪੰਨਾ ੪੮੬)

(ਹ) ਨਾਮ-ਸਿਮਰਨ ਨਾਲ ਪੰਜ ਗਿਆਨ ਇੰਦਰੇ ਅਤੇ ਪੰਜ ਕਰਮ-ਇੰਦਰੇ ਵੱਸ ਵਿਚ ਆ ਜਾਂਦੇ ਹਨ ਅਤੇ ਕਾਮ-ਕ੍ਰੋਧ ਆਦਿ ਪੰਜ ਵਿਕਾਰ ਪੂਰੀ ਤਰ੍ਹਾਂ ਨਾਸ ਹੋ ਜਾਂਦੇ ਹਨ :

**ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ, ਪੰਚਹੁ ਕਾ ਮਿਟ ਨਾਵਉ ॥**
**ਸਤਰਿ ਦੋਇ ਭਰੇ ਅੰਮ੍ਰਿਤ ਸਰਿ, ਬਿਖੁ ਕਉ ਮਾਰਿ ਕਢਾਵਉ ॥**

*(ਧਨਾਸਰੀ, ਪੰਨਾ ੬੯੩)*

[**ਪਦ ਅਰਥ : ਦਸ ਬੈਰਾਗਨਿ**—ਦਸ ਵੈਰਾਗਣਾਂ, ਪੰਜ ਕਰਮ ਇੰਦ੍ਰੀਆਂ ਤੇ ਪੰਜ ਗਿਆਨ ਇੰਦ੍ਰੀਆਂ। **ਪੰਚਹੁ ਕਾ**—ਪੰਜਾਂ ਵਿਕਾਰਾਂ ਦਾ। **ਨਾਵਉ**—ਨਾਮ ਨਿਸ਼ਾਨ ਹੀ। **ਸਤਰਿ ਦੋਇ**—(ਯੋਗੀਆਂ ਦੁਆਰਾ ਮੰਨੀਆਂ) ਬਹੱਤਰ ਹਜ਼ਾਰ ਨਾੜੀਆਂ। **ਅੰਮ੍ਰਿਤ ਸਰਿ**—ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਦੇ ਸਰੋਵਰ ਨਾਲ।]

(ਕ) ਪ੍ਰਭੂ ਦਾ ਨਾਮ ਸਿਮਰਨ ਨਾਲ ਮਨੁੱਖ ਭਗਤ ਕਰਕੇ ਜਾਣਿਆ ਜਾਂਦਾ ਹੈ; ਹਰ ਥਾਂ ਉਸ ਦੀ ਸੋਭਾ-ਵਡਿਆਈ ਹੁੰਦੀ ਹੈ। ਉਸ ਨੂੰ ਪ੍ਰਭੂ ਦੇ ਚਰਨਾਂ ਵਿਚ ਵੱਸਣ ਵਾਲੀਆਂ ਚਾਰੇ ਕਿਸਮ ਦੀਆਂ (ਕਹੀਆਂ ਜਾਣ ਵਾਲੀਆਂ) ਮੁਕਤੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਵਿਕਾਰਾਂ ਤੋਂ ਖ਼ਲਾਸੀ ਹੋ ਜਾਂਦੀ ਹੈ। ਅਜਿਹਾ ਮਨੁੱਖ ਹਮੇਸ਼ਾ ਲਈ ਪ੍ਰਸਿੱਧ ਹੋ ਜਾਂਦਾ ਹੈ ਅਤੇ ਲੋਕਾਂ ਦੇ ਦਿਲਾਂ ਤੇ ਰਾਜ ਕਰਦਾ ਹੈ :

**ਚਾਰਿ ਮੁਕਤਿ ਚਾਰੈ, ਸਿਧਿ, ਮਿਲਿ ਕੈ**
**ਦੂਲਹ ਪ੍ਰਭ ਕੀ ਸਰਨਿ ਪਰਿਓ ॥**
**ਮੁਕਤਿ ਭਇਓ, ਚਉਹੂੰ ਜੁਗ ਜਾਨਿਓ**
**ਜਸੁ ਕੀਰਤਿ, ਮਾਥੈ ਛਤ੍ਰੁ ਧਰਿਓ ॥ ੧ ॥**
**ਰਾਜਾ ਰਾਮ ਜਪਤ, ਕੋ ਕੋ ਨ ਤਰਿਓ ॥**
**ਗੁਰ ਉਪਦੇਸਿ ਸਾਧ ਕੀ ਸੰਗਤਿ**
**ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥ ੧ ॥ ਰਹਾਉ ॥**

*(ਮਾਰੂ, ਪੰਨਾ ੧੧੦੫)*

[**ਪਦ ਅਰਥ : ਚਾਰਿ ਮੁਕਤਿ**—ਚਾਰ ਕਿਸਮ ਦੀਆਂ ਮੁਕਤੀਆਂ (ਸਾਲੋਕਯ, ਸਾਮੀਪਯ, ਸਾਰੂਪਯ ਅਤੇ ਸਾਯੁਜਯ)। **ਸਾਲੋਕਯ**—ਆਪਣੇ ਇਸ਼ਟ ਨਾਲ ਇਕੋ ਹੀ ਦੇਸ਼ ਵਿਚ ਵੱਸਣਾ। **ਸਾਮੀਪਯ**—ਇਸ਼ਟ ਦੇ ਨੇੜੇ ਹੋ ਜਾਣਾ। **ਸਾਰੂਪਯ**—ਇਸ਼ਟ ਦੇ ਨਾਲ ਇਕ-ਰੂਪ ਹੋ ਜਾਣਾ। **ਸਾਯੁਜਯ**—ਇਸ਼ਟ ਦੇ ਨਾਲ ਜੁੜ ਜਾਣਾ, ਉਸ ਵਿਚ ਲੀਨ ਹੋ ਜਾਣਾ। **ਚਾਰੈ**—ਇਹ ਚਾਰੇ ਹੀ ਮੁਕਤੀਆਂ। **ਸਿਧਿ ਮਿਲਿ ਕੈ**—(ਚਾਰੇ ਮੁਕਤੀਆਂ ਅਠਾਰਾਂ) ਸਿੱਧੀਆਂ ਨਾਲ ਮਿਲ ਕੇ। **ਦੂਲਹ**—ਖਸਮ, ਪ੍ਰਭੂ ਦੀ। **ਚਉਹੂੰ ਜੁਗ**—ਚਾਰੇ ਹੀ ਯੁਗਾਂ ਵਿਚ, ਹਮੇਸ਼ਾ ਲਈ। **ਜਾਨਿਓ**—ਪ੍ਰਸਿੱਧ ਹੋ ਗਿਆ। **ਜਸੁ**—ਸੋਭਾ। **ਕੋ ਕੋ ਨ**—ਕੌਣ ਨਹੀਂ ? ਕੌਣ ਨਹੀਂ ? (ਭਾਵ : ਸਾਰੇ ਹੀ)।]

## 7. ਨਾਮ ਜਪਣ ਦਾ ਢੰਗ

ਸੰਸਾਰ ਦੇ ਕੰਮ ਕਾਜ ਕਰਦਿਆਂ ਹੋਇਆਂ, ਆਪਣੇ ਫ਼ਰਜ਼ਾਂ ਨੂੰ ਨਿਭਾਉਂਦਿਆਂ ਹੋਇਆਂ ਆਪਣੀ ਸੁਰਤ (ਧਿਆਨ) ਨੂੰ ਪ੍ਰਭੂ ਦੀ ਸਿਫ਼ਤ-ਸਾਲਾਹ ਵਿਚ ਜੋੜੀ ਰੱਖਣਾ ਹੈ। ਜਿਵੇਂ ਪਤੰਗ ਉਡਾਂਦਾ ਹੋਇਆ ਬੱਚਾ, ਸੰਗੀ-ਸਾਥੀਆਂ ਨਾਲ ਗੱਲਾਂ ਕਰਦਾ, ਧਿਆਨ ਪਤੰਗ

ਦੀ ਡੋਰ ਵਿਚ ਰੱਖਦਾ ਹੈ; ਜਿਵੇਂ ਸੁਨਿਆਰਾ ਗੱਲਾਂ ਕਰਦਾ ਹੋਇਆ ਵੀ ਗਹਿਣੇ ਘੜੀ (ਬਣਾਈ) ਜਾਂਦਾ ਹੈ; ਜਿਵੇਂ ਮੁਟਿਆਰਾਂ ਸਿਰ ਤੇ ਪਾਣੀ ਦੇ ਘੜੇ ਟਿਕਾਈ ਹਾਸਾ-ਮਜ਼ਾਕ ਕਰਦੀਆਂ ਹੋਈਆਂ ਵੀ ਚਿੱਤ ਘੜੇ (ਜਾਂ ਗਾਗਰ) ਵਿਚ ਰੱਖਦੀਆਂ ਹਨ, ਘੜਾ ਡਿੱਗਣ ਨਹੀਂ ਦੇਂਦੀਆਂ; ਜਿਵੇਂ ਘਰ ਤੋਂ ਕਈ ਮੀਲ ਦੂਰ ਚਰਦੀ ਹੋਈ ਗਾਂ, ਆਪਣਾ ਮਨ ਬਛੜੇ ਵਿਚ ਰੱਖਦੀ ਹੈ, ਅਤੇ ਜਿਵੇਂ ਮਾਤਾ ਘਰ ਦਾ ਸਾਰਾ ਕੰਮ ਕਰਦੀ ਹੋਈ ਵੀ ਪੰਘੂੜੇ ਵਿਚ ਪਏ ਬੱਚੇ ਵਿਚ ਧਿਆਨ ਰੱਖਦੀ ਹੈ—ਕੰਮ ਵੀ ਕਰਦੀ ਹੈ, ਬੱਚੇ ਨੂੰ ਰੋਣ ਵੀ ਨਹੀਂ ਦਿੰਦੀ :

**ਆਨੀਲੇ ਕਾਗਦੁ, ਕਾਟੀਲੇ ਗੂਡੀ, ਆਕਾਸ ਮਧੇ ਭਰਮੀਅਲੇ ॥**
**ਪੰਚ ਜਨਾ ਸਿਉ ਬਾਤ ਬਤਊਆ, ਚੀਤੁ ਸੁ ਡੋਰੀ ਰਾਖੀਅਲੇ ॥ ੧ ॥**
**ਮਨੁ ਰਾਮ ਨਾਮਾ ਬੇਧੀਅਲੇ ॥**
**ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥ ੧ ॥ ਰਹਾਉ ॥**
**ਆਨੀਲੇ ਕੁੰਭੁ, ਭਰਾਈਲੇ ਊਦਕ, ਰਾਜ ਕੁਆਰਿ ਪੁਰੰਦਰੀਏ ॥**
**ਹਸਤ ਬਿਨੋਦ ਬੀਚਾਰ ਕਰਤੀ ਹੈ, ਚੀਤੁ ਸੁ ਗਾਗਰਿ ਰਾਖੀਅਲੇ ॥ ੨ ॥**
**ਮੰਦਰੁ ਏਕੁ ਦੁਆਰ ਦਸ ਜਾ ਕੇ, ਗਊ ਚਰਾਵਨ ਛਾਡੀਅਲੇ ॥**
**ਪਾਂਚ ਕੋਸ ਪਰ ਗਊ ਚਰਾਵਤ, ਚੀਤੁ ਸੁ ਬਛਰਾ ਰਾਖੀਅਲੇ ॥ ੩ ॥**
**ਕਹਤ ਨਾਮਦੇਉ ਸੁਨਹੁ ਤਿਲੋਚਨ, ਬਾਲਕੁ ਪਾਲਨ ਪਉਢੀਅਲੇ ॥**
**ਅੰਤਰਿ ਬਾਹਰਿ ਕਾਜ ਬਿਰੂਧੀ, ਚੀਤੁ ਸੁ ਬਾਰਿਕ ਰਾਖੀਅਲੇ ॥ ੪ ॥**

*(ਰਾਮਕਲੀ, ਘਰ ੧, ਪੰਨਾ ੯੭੨)*

[**ਪਦ ਅਰਥ : ਆਨੀਲੇ**—ਲਿਆਂਦਾ। **ਕਾਟੀਲੇ**—ਕੱਟ ਕੇ ਬਣਾਈ। **ਮਧੇ**—ਵਿਚ। **ਭਰਮੀਅਲੇ**—ਉਡਾਈ। **ਬਾਤ**—**ਬਤਊਆ**—ਗੱਲਬਾਤ, ਗੱਪਾਂ। **ਬੇਧੀਅਲੇ**—ਵਿੱਝ (ਵਿੰਨ੍ਹਿਆ) ਗਿਆ ਹੈ। **ਕਨਿਕ ਕਲਾ**—ਸੋਨੇ ਦਾ ਕਾਰੀਗਰ, ਸੁਨਿਆਰਾ। **ਮਾਂਡੀਅਲੇ**—(ਸੋਨੇ ਵਿਚ) ਜੁੜਿਆ ਰਹਿੰਦਾ ਹੈ। **ਕੁੰਭ**—ਘੜਾ। **ਊਦਕ**—ਪਾਣੀ। **ਰਾਜ ਕੁਆਰਿ**—ਜੁਆਨ ਕੁੜੀਆਂ। **ਪੁਰੰਦਰੀਏ**—ਸ਼ਹਿਰ ਵਿਚੋਂ। **ਹਸਤ**—ਹੱਸਦੀਆਂ। **ਬਿਨੋਦ**—ਹਾਸੇ ਦੀਆਂ ਗੱਲਾਂ। **ਪਾਲਨ**—ਪੰਘੂੜਾ। **ਪਉਢੀਅਲੇ**—ਪਾਉਂਦੀ ਹੈ। **ਕਾਜ ਬਿਰੂਧੀ**—ਘਰ ਦੇ ਕੰਮਾਂ ਵਿਚ ਰੁੱਝੀ ਹੋਈ।]

## *8. ਹਿਰਦੇ ਦੀ ਪਵਿੱਤਰਤਾ*

ਪ੍ਰਭੂ ਦਾ ਨਾਮ ਸੱਚੇ ਦਿਲੋਂ ਲੈਣਾ ਚਾਹੀਦਾ ਹੈ, ਵਿਖਾਵਾ ਜਾਂ ਪਖੰਡ ਨਹੀਂ ਕਰਨਾ ਚਾਹੀਦਾ। ਅੰਦਰੋਂ ਵਿਕਾਰਾਂ ਦਾ ਤਿਆਗ ਕਰਨਾ ਚਾਹੀਦਾ ਹੈ। ਅਸ਼ੁੱਧ ਮਨ ਨਾਲ ਕੀਤੇ ਸਿਮਰਨ ਦਾ ਕੋਈ ਲਾਭ ਨਹੀਂ :

**ਸਾਪ ਕੁੰਚ ਛੋਡੈ, ਬਿਖੁ ਨਹੀ ਛਾਡੈ ॥**
**ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥ ੧ ॥**

ਕਾਹੇ ਕਉ ਕੀਜੈ ਧਿਆਨੁ ਜਪੰਨਾ॥
ਜਬ ਤੇ ਸੁਧੁ ਨਾਹੀ ਮਨੁ ਅਪਨਾ॥ ੧॥ ਰਹਾਉ॥ *(ਆਸਾ, ੪੮੫)*

[**ਅਰਥ** : ਸੱਪ ਕੁੰਜ ਲਾਹ ਦਿੰਦਾ ਹੈ, ਪਰ ਅੰਦਰੋਂ ਜ਼ਹਿਰ ਨਹੀਂ ਛੱਡਦਾ, ਜਿਵੇਂ ਬਗ਼ਲਾ ਪਾਣੀ ਵਿਚ ਖਲੋ ਕੇ ਸਮਾਧੀ ਲਾਉਂਦਾ ਹੈ (ਇਸੇ ਤਰ੍ਹਾਂ ਜੇ ਅੰਦਰ ਤ੍ਰਿਸ਼ਨਾ ਹੈ, ਤਾਂ ਬਾਹਰੋਂ ਭੇਖ ਬਣਾਉਣ ਨਾਲ ਜਾਂ ਅੱਖਾਂ ਮੀਟਣ ਨਾਲ ਕੋਈ ਆਤਮਕ ਲਾਭ ਨਹੀਂ ਹੈ)। ਜਦ ਤੱਕ ਅੰਦਰੋਂ ਆਪਣਾ ਮਨ ਪਵਿੱਤਰ ਨਹੀਂ ਹੈ ਤਦ ਤੱਕ ਸਮਾਧੀ ਲਾਉਣ ਜਾਂ ਨਾਮ ਜਪਣ ਦਾ ਕੀ ਲਾਭ ? (ਭਾਵ ਕੋਈ ਲਾਭ ਨਹੀਂ।)]

## 9. ਪ੍ਰਭੂ-ਪ੍ਰੀਤ

ਪ੍ਰਭੂ-ਪ੍ਰੀਤ ਭਗਤੀ ਦਾ ਆਧਾਰ ਹੈ। ਪ੍ਰਭੂ ਦੇ ਬੇਅੰਤ ਗੁਣ, ਅਸਚਰਜ ਕੌਤਕ ਤੇ ਅਪਾਰ ਸਮਰੱਥਾ ਵੇਖ ਕੇ ਭਗਤ ਦੇ ਹਿਰਦੇ ਵਿਚ ਪ੍ਰਭੂ ਲਈ ਪ੍ਰੀਤ ਉਪਜਦੀ ਹੈ। ਉਸ ਨੂੰ ਪ੍ਰਭੂ ਹਰੇਕ ਸ਼ੈ ਤੋਂ ਪਿਆਰਾ ਲਗਦਾ ਹੈ। ਜੀਵਨ ਵਿਚ ਆਈਆਂ ਮੁਸ਼ਕਿਲਾਂ, ਸੰਕਟ, ਦੁੱਖ ਭਗਤ ਦੇ ਰਾਹ ਵਿਚ ਰੁਕਾਵਟ ਨਹੀਂ ਪਾ ਸਕਦੇ। ਪ੍ਰੀਤ ਮਾਰਗ ਤੇ ਚੱਲਦਾ ਹੋਇਆ, ਪ੍ਰਭੂ ਦਾ ਜਸ, ਸ਼ੋਭਾ, ਵਡਿਆਈ ਗਾਉਂਦਾ ਹੋਇਆ ਉਹ ਪ੍ਰਭੂ ਦਾ ਰੂਪ ਹੀ ਹੋ ਨਿਬੜਦਾ ਹੈ :

ਸਾਹਿਬੁ ਸੰਕਟਵੈ ਸੇਵਕੁ ਭਜੈ॥
ਚਿਰੰਕਾਲ ਨ ਜੀਵੈ, ਦੋਊ ਕੁਲ ਲਜੈ॥ ੧॥
ਤੇਰੀ ਭਗਤਿ ਨ ਛੋਡਉ, ਭਾਵੈ ਲੋਗੁ ਹਸੈ॥
ਚਰਨ ਕਮਲ ਮੇਰੇ ਹੀਅਰੇ ਬਸੈਂ॥ ੧॥ ਰਹਾਉ॥

*(ਬਸੰਤ, ਪੰਨਾ ੧੧੯੫)*

[**ਅਰਥ** : ਜੇ ਮਾਲਕ ਨੌਕਰ ਨੂੰ ਕਸ਼ਟ ਦੇਵੇ ਤੇ ਕਸ਼ਟਾਂ ਤੋਂ ਡਰਦਾ ਨੌਕਰ ਨੱਠ ਜਾਏ। ਅਜਿਹਾ ਨੌਕਰ ਸਦਾ ਜਿਊਂਦਾ ਤਾਂ ਨਹੀਂ ਰਹਿੰਦਾ, ਪਰ (ਮਾਲਕ ਨੂੰ ਛੱਡਣ ਕਾਰਨ) ਆਪਣੀਆਂ ਦੋਵੇਂ ਕੁਲਾਂ ਬਦਨਾਮ ਕਰਾ ਲੈਂਦਾ ਹੈ।

ਹੇ ਵਾਹਿਗੁਰੂ! ਮੈਂ ਤੇਰੀ ਭਗਤੀ ਨਹੀਂ ਛੱਡਾਂਗਾ, ਭਾਵੇਂ ਸਾਰਾ ਸੰਸਾਰ ਮੈਨੂੰ ਮਜ਼ਾਕ ਕਰੇ, ਕਿਉਂਕਿ ਤੇਰੇ ਸੋਹਣੇ ਚਰਨ-ਕੰਵਲ ਮੇਰੇ ਹਿਰਦੇ ਵਿਚ ਵੱਸ ਚੁੱਕੇ ਹਨ।]

ਜੈਸੀ ਭੂਖੇ ਪ੍ਰੀਤਿ ਅਨਾਜ॥ ਤ੍ਰਿਖਾਵੰਤ ਜਲ ਸੇਤੀ ਕਾਜ॥
ਜੈਸੀ ਮੂੜ ਕੁਟੰਬ ਪਰਾਇਣ॥ ਐਸੀ ਨਾਮੇ ਪ੍ਰੀਤਿ ਨਰਾਇਣ॥ ੧॥
... ... ... ...
ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ॥ ਐਸਾ ਹਰਿ ਸੇਤੀ ਮਨੁ ਰਾਤਾ॥
ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ॥ ਗੋਬਿਦੁ ਬਸੈ ਹਮਾਰੈ ਚੀਤਿ॥

*(ਭੈਰਉ, ਪੰਨਾ ੧੧੬੪)*

[**ਪਦ ਅਰਥ** : **ਤ੍ਰਿਖਾਵੰਤ**—ਪਿਆਸਾ। **ਕਾਜ**—ਲੋੜ, ਗ਼ਰਜ਼। **ਮੂੜ**—ਮੂਰਖ ਬੰਦੇ। **ਕੁਟੰਬ**—ਪਰਿਵਾਰ। **ਪਰਾਇਣ**—ਆਸਰੇ। **ਪ੍ਰਣਵੈ**—ਬੇਨਤੀ ਕਰਦਾ ਹੈ। **ਰਾਤਾ**—ਲੱਗਾ

ਹੋਇਆ। **ਚੀਤਿ**—ਮਨ ਵਿਚ।]

**ਮਾਰਵਾੜਿ ਜੈਸੇ ਨੀਰੁ ਬਾਲਹਾ, ਬੇਲਿ ਬਾਲਹਾ ਕਰਹਲਾ॥**
**ਜਿਉ ਕੁਰੰਕ ਨਿਸਿ ਨਾਦੁ ਬਾਲਹਾ, ਤਿਉ ਮੇਰੈ ਮਨਿ ਰਾਮਈਆ॥ ੧॥**
**ਤੇਰਾ ਨਾਮੁ ਰੂੜੋ, ਰੂਪੁ ਰੂੜੋ, ਅਤਿ ਰੰਗ ਰੂੜੋ ਮੇਰੋ ਰਾਮਈਆ॥ ੧॥ ਰਹਾਉ॥**

*(ਪੰਨਾ ੬੯੩)*

[**ਅਰਥ** : ਜਿਵੇਂ ਮਾਰਵਾੜ (ਰੇਤਲੇ ਦੇਸ਼) ਵਿਚ ਪਾਣੀ ਪਿਆਰਾ (ਬਾਲਹਾ) ਲਗਦਾ ਹੈ; ਜਿਵੇਂ ਊਠ ਨੂੰ ਵੇਲ ਪਿਆਰੀ ਲਗਦੀ ਹੈ; ਜਿਵੇਂ ਹਿਰਨ ਨੂੰ ਰਾਤ ਵੇਲੇ ਘੰਡੇ ਹੇੜੇ ਦੀ ਆਵਾਜ਼ ਪਿਆਰੀ ਲੱਗਦੀ ਹੈ; ਤਿਵੇਂ ਮੇਰੇ ਮਨ ਵਿਚ ਸੋਹਣਾ ਰਾਮ ਪਿਆਰਾ ਲੱਗਦਾ ਹੈ।

ਹੇ ਮੇਰੇ ਸੋਹਣੇ ਰਾਮ! ਤੇਰਾ ਨਾਮ ਸੋਹਣਾ (ਰੂੜੋ) ਹੈ, ਤੇਰਾ ਰੂਪ ਸੋਹਣਾ ਹੈ ਅਤੇ ਤੇਰਾ ਰੰਗ ਬਹੁਤ ਸੋਹਣਾ ਹੈ।]

**ਦਾਸ ਅਨਿੰਨ ਮੇਰੋ ਨਿਜ ਰੂਪ॥**
**ਦਰਸਨ ਨਿਮਖ ਤਾਪ ਤ੍ਰਈ ਮੋਚਨ**
**ਪਰਸਤ ਮੁਕਤਿ ਕਰਤ ਗ੍ਰਿਹ ਕੂਪ॥ ੧॥** *(ਪੰਨਾ ੧੨੫੨)*

[**ਪਦ ਅਰਥ** : **ਅਨਿੰਨ**—ਜਿਸ ਦਾ ਪ੍ਰੇਮ ਕਿਸੇ ਹੋਰ ਨਾਲ ਨਾ ਹੋਵੇ। **ਨਿਜ**—ਆਪਣਾ। **ਤਾਪ ਤ੍ਰਈ**—ਤਿੰਨੇ ਹੀ ਤਾਪ (ਆਧਿ, ਬਿਆਧਿ, ਉਪਾਧਿ)। **ਮੋਚਨ**—ਨਾਸ ਕਰਨ ਵਾਲਾ। **ਪਰਸਤ**—(ਚਰਨ) ਛੋਹਿਆਂ। **ਗ੍ਰਿਹ ਕੂਪ**—ਘਰ ਦੇ (ਜੰਜਾਲ ਰੂਪ) ਖੂਹ]

[**ਅਰਥ** : ਮੇਰਾ (ਪ੍ਰਭੂ ਦਾ) ਦਾਸ ਮੇਰੇ ਬਿਨਾਂ ਕਿਸੇ ਹੋਰ ਨਾਲ ਪਿਆਰ ਨਹੀਂ ਕਰਦਾ, ਉਹ ਮੇਰਾ ਆਪਣਾ ਸਰੂਪ ਹੈ। ਉਸ ਦਾ ਇਕ ਪਲ ਭਰ ਦਾ ਦਰਸ਼ਨ ਤਿੰਨੇ ਹੀ ਤਾਪ ਦੂਰ ਕਰ ਦਿੰਦਾ ਹੈ। ਉਸ ਦੇ ਚਰਨਾਂ ਦੀ ਛੋਹ ਗ੍ਰਿਹਸਤ ਦੇ ਜੰਜਾਲ ਰੂਪੀ ਖੂਹ ਵਿਚੋਂ ਕੱਢ ਲੈਂਦੀ ਹੈ।]

## 10. ਪ੍ਰਭੂ ਤੋਂ ਵਿਛੋੜਾ

ਭਗਤ ਲਈ ਪ੍ਰਭੂ ਤੋਂ ਵਿਛੋੜਾ ਅਸਹਿ ਹੁੰਦਾ ਹੈ। ਉਹ ਵਿਛੋੜੇ ਵਿਚ ਤਿਲਮਿਲਾ ਉਠਦਾ ਹੈ, ਤੜਫ਼ਦਾ ਹੈ; ਜਿਵੇਂ, ਬਛੜੇ ਤੋਂ ਬਿਨਾਂ ਗਾਂ ਅਤੇ ਪਾਣੀ ਤੋਂ ਬਿਨਾਂ ਮੱਛੀ ਤੜਫ਼ਦੀ ਹੈ :

**ਮੋਹਿ ਲਾਗਤੀ ਤਾਲਾਬੇਲੀ॥ ਬਛਰੇ ਬਿਨੁ ਗਾਇ ਅਕੇਲੀ॥ ੧॥**
**ਪਾਨੀਆ ਬਿਨ ਮੀਨੁ ਤਲਫੈ॥**
**ਐਸੇ ਰਾਮ ਨਾਮਾ ਬਿਨੁ, ਬਾਪੁਰੋ ਨਾਮਾ॥ ੧॥ ਰਹਾਉ॥** *(ਪੰਨਾ ੮੭੪)*

[**ਪਦ ਅਰਥ** : **ਮੋਹਿ**—ਮੈਨੂੰ। **ਤਾਲਾਬੇਲੀ**—ਤਿਲਮਿਲਾਹਟ, ਤੜਫਣੀ। **ਮੀਨੁ**—ਮੱਛੀ। **ਤਲਫੈ**—ਤੜਫ਼ਦੀ ਹੈ। **ਬਾਪਰੋ**—ਵਿਚਾਰਾ, ਘਬਰਾਇਆ ਹੋਇਆ।]

## 11. ਗੁਰੂ ਦੀ ਲੋੜ

ਗੁਰੂ ਸਿੱਖ ਦਾ, ਭਗਤ ਦਾ ਮਾਰਗ ਦਰਸ਼ਕ ਹੈ। ਉਹ ਸਿੱਖ ਨੂੰ ਪ੍ਰਭੂ ਨਾਲ ਮਿਲਾਉਂਦਾ ਹੈ, ਉਸ ਨੂੰ ਸੰਸਾਰ ਸਾਗਰ ਤੋਂ ਪਾਰ ਕਰਦਾ ਹੈ; ਭਾਵ, ਸਿੱਖ ਦਾ ਜੀਵਨ ਸਫ਼ਲ ਕਰਦਾ ਹੈ, ਹਰ ਤਰ੍ਹਾਂ ਦਾ ਸਹਿਮ ਦੂਰ ਕਰਦਾ ਹੈ, ਆਮ ਮਨੁੱਖਾਂ ਨੂੰ ਉੱਚੇ ਗੁਣਾਂ ਵਾਲੇ (ਦੇਵਤੇ) ਬਣਾਉਂਦਾ ਹੈ। ਸਿੱਖ ਦੇ ਦੁੱਖ ਦੂਰ ਕਰ ਕੇ ਉਸ ਨੂੰ ਆਤਮਕ ਸੁਖ ਬਖ਼ਸ਼ਦਾ ਹੈ :

ਛੀਪੇ ਕੇ ਘਰਿ ਜਨਮੁ ਦੈਲਾ, ਗੁਰ ਉਪਦੇਸੁ ਭੈਲਾ॥
ਸੰਤਹ ਕੈ ਪਰਸਾਦਿ, ਨਾਮਾ ਹਰਿ ਭੇਟੁਲਾ॥ *(ਆਸਾ, ਪੰਨਾ ੪੮੬)*

[ਪਦ ਅਰਥ : ਛੀਪੇ—ਛੀਂਬੇ। ਦੈਲਾ—ਦਿੱਤਾ (ਪ੍ਰਭੂ ਨੇ)। ਭੈਲਾ—ਮਿਲ ਗਿਆ। ਪਰਸਾਦਿ—ਕਿਰਪਾ ਨਾਲ। ਭੇਟੁਲਾ—ਮਿਲ ਪਿਆ।]

ਜਾ ਕੇ ਮਸਤਕਿ ਲਿਖਿਓ ਕਰਮਾ॥
ਸੋ ਭਜਿ ਪਰਿ ਹੈ ਗੁਰ ਕੀ ਸਰਨਾ॥
ਕਹਤ ਨਾਮਦੇਉ ਇਹੁ ਬੀਚਾਰੁ॥
ਇਨ ਬਿਧਿ ਸੰਤਹੁ ਉਤਰਹੁ ਪਾਰਿ॥ *(ਭੈਰਉ, ਪੰਨਾ ੧੧੬੫)*

ਸਤਿਗੁਰੁ ਮਿਲੈ ਤ ਸਹਸਾ ਜਾਈ॥
ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ॥ ੩॥
*(ਗੂਜਰੀ, ਪੰਨਾ ੫੨੫)*

ਨਰ ਤੇ ਸੁਰ ਹੋਇ ਜਾਤ ਨਿਮਖ ਮੈ
ਸਤਿਗੁਰ ਬੁਧਿ ਸਿਖਲਾਈ॥
ਨਰ ਤੇ ਉਪਜਿ ਸੁਰਗ ਕਉ ਜੀਤਿਓ॥
ਸੋ ਅਵਖਧ ਮੈ ਪਾਈ॥ ੧॥ *(ਗੋਂਡ, ਪੰਨਾ ੮੭੩)*

ਸਫਲ ਜਨਮੁ ਮੋ ਕਉ ਗੁਰ ਕੀਨਾ॥
ਦੁਖ ਬਿਸਾਰਿ ਸੁਖ ਅੰਤਰਿ ਲੀਨਾ॥ *(ਬਿਲਾਵਲੁ, ਪੰਨਾ ੮੫੭)*

## 12. ਗੁਰੂ ਦਾ ਸ਼ਬਦ

ਗੁਰੂ ਦੇ ਸ਼ਬਦ ਵਿਚ ਮਨ ਜੋੜਿਆਂ ਮਨ ਦਾ ਦੁਚਿੱਤਾਪਨ (ਦੁਬਿਧਾ) ਦੂਰ ਹੁੰਦਾ ਹੈ ਅਤੇ ਮਨ ਆਤਮਿਕ ਅਡੋਲਤਾ (ਸਹਿਜ ਅਵੱਸਥਾ) ਵਿਚ ਟਿਕ ਜਾਂਦਾ ਹੈ, ਸਮਦ੍ਰਿਸ਼ਟਤਾ ਆਉਂਦੀ ਹੈ, ਹਰ ਥਾਂ ਪ੍ਰਭੂ ਆਪਣਾ ਹੁਕਮ ਵਰਤਾਉਂਦਾ ਦਿਸਦਾ ਹੈ :

ਗੁਰ ਕੈ ਸਬਦਿ ਏਹੁ ਮਨੁ ਰਾਤਾ, ਦੁਬਿਧਾ ਸਹਜਿ ਸਮਾਣੀ॥
ਸਭੋ ਹੁਕਮੁ, ਹੁਕਮੁ ਹੈ ਆਪੇ, ਨਿਰਭਉ ਸਮਤੁ ਬੀਚਾਰੀ॥
*(ਪ੍ਰਭਾਤੀ, ਪੰਨਾ ੧੩੫੦)*

[ਪਦ ਅਰਥ : ਰਾਤਾ—ਰੰਗਿਆ ਹੋਇਆ। ਦੁਬਿਧਾ—ਦੁਚਿੱਤਾਪਨ।

**ਸਹਜਿ**—ਆਤਮਕ ਅਡੋਲਤਾ ਵਿਚ। **ਸਮਤੁ**—ਇਕ ਸਮਾਨ। **ਬੀਚਾਰੀ**—ਵਿਚਾਰਦਾ ਹੈ, ਸਮਝਦਾ ਹੈ।]

**ਨਾਦਿ ਸਮਾਇਲੋ ਰੇ, ਸਤਿਗੁਰੁ ਭੇਟਿਲੇ ਦੇਵਾ॥ ੧॥ ਰਹਾਉ॥**
**ਜਹ ਝਿਲਿਮਿਲਿਕਾਰੁ ਦਿਸੰਤਾ॥ ਤਹ ਅਨਹਦ ਸਬਦ ਬਜੰਤਾ॥**
**ਜੋਤੀ ਜੋਤਿ ਸਮਾਨੀ॥ ਮੈ ਗੁਰ ਪਰਸਾਦੀ ਜਾਨੀ॥ ੨॥** *(ਪੰਨਾ ੬੫੭)*

[**ਅਰਥ :** ਮੈਨੂੰ ਪ੍ਰਭੂ-ਦੇਵ ਨੇ ਸਤਿਗੁਰੂ ਮਿਲਾ ਦਿੱਤਾ ਹੈ। ਹੁਣ ਮੇਰਾ ਮਨ ਉਸ ਦੇ ਸ਼ਬਦ (ਨਾਦ) ਵਿਚ ਲੀਨ ਹੋ ਗਿਆ ਹੈ।

ਜਿਸ ਮਨ ਵਿਚ ਪਹਿਲਾਂ ਚੰਚਲਤਾ (ਝਿਲਿਮਿਲਕਾਰ) ਦਿਖਾਈ ਦੇ ਰਹੀ ਸੀ, ਉਥੇ ਹੁਣ ਇਕ-ਰਸ (ਅਨਹਦ) ਗੁਰ-ਸ਼ਬਦ ਦਾ ਪ੍ਰਭਾਵ ਪੈ ਰਿਹਾ ਹੈ। ਹੁਣ ਮੇਰੀ ਆਤਮਾ ਪਰਮਾਤਮਾ ਵਿਚ ਮਿਲ ਗਈ ਹੈ। ਸਤਿਗੁਰ ਦੀ ਕਿਰਪਾ ਨਾਲ ਮੈਂ ਉਸ ਜੋਤਿ ਨੂੰ ਪਛਾਣ ਲਿਆ ਹੈ।]

## *13. ਗਿਆਨ ਪ੍ਰਕਾਸ਼*

ਭਗਤੀ ਵਿਚ ਜਿਥੇ ਪਿਆਰ ਅਤੇ ਸ਼ਰਧਾ ਦੀ ਲੋੜ ਹੈ, ਉਥੇ ਗਿਆਨ ਦੀ ਆਪਣੀ ਮਹਾਨਤਾ ਹੈ। ਗੁਰੂ ਦੇ ਗਿਆਨ ਨਾਲ ਹੀ ਇਹ ਪਤਾ ਲਗਦਾ ਹੈ ਕਿ ਪ੍ਰਭੂ-ਸਿਮਰਨ ਤੋਂ ਬਿਨਾਂ ਜੀਵਨ ਸਫਲ ਨਹੀਂ ਹੁੰਦਾ। ਸੱਚ ਦਾ ਗਿਆਨ ਜਾਤ-ਪਾਤ ਅਤੇ ਧਾਰਮਿਕ ਵਿਖਾਵੇ ਦੇ ਵਿਤਕਰੇ ਦੂਰ ਕਰ ਦਿੰਦਾ ਹੈ। ਗਿਆਨੀ ਮਨੁੱਖ ਹਰੇਕ ਹਿਰਦੇ ਵਿਚ ਵੱਸਦੇ ਪ੍ਰਭੂ ਦੀ ਜੋਤਿ ਨੂੰ ਪਛਾਣਦਾ ਹੈ, ਮਨੁੱਖਾਂ ਦੇ ਬਾਹਰੀ ਸਰੂਪ ਨੂੰ ਨਹੀਂ :

**ਗਿਆਨ ਅੰਜਨੁ ਮੋ ਕਉ ਗੁਰਿ ਦੀਨਾ॥**
**ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥**

*(ਬਿਲਾਵਲੁ, ਪੰਨਾ ੮੫੮)*

[**ਪਦ ਅਰਥ : ਅੰਜਨੁ**—ਸੁਰਮਾ। **ਗੁਰਿ**—ਗੁਰੂ ਨੇ। **ਹੀਨਾ**—ਤੁੱਛ, ਨਕਾਰਾ।]

**ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥**
**ਹਿੰਦੂ ਪੂਜੈ ਦੇਹੁਰਾ, ਮੁਸਲਮਾਣੁ ਮਸੀਤਿ॥**
**ਨਾਮੇ ਸੋਈ ਸੇਵਿਆ, ਜਹ ਦੇਹੁਰਾ ਨ ਮਸੀਤਿ॥**

*(ਬਿਲਾਵਲੁ ਗੋਂਡ, ਪੰਨਾ ੮੭੫)*

[**ਨੋਟ :** ਪ੍ਰੋ: ਸਾਹਿਬ ਸਿੰਘ ਅਨੁਸਾਰ ਹਿੰਦੂ ਨੂੰ 'ਅੰਨ੍ਹਾ' ਇਸ ਲਈ ਆਖਿਆ ਗਿਆ ਹੈ ਕਿ ਇਕ ਤਾਂ ਉਸ ਨੇ ਆਪਣੇ 'ਇਸ਼ਟ' (ਇਸ਼ਟਾਂ) ਬਾਰੇ ਹੀ ਸ਼ਰਧਾ-ਹੀਣ ਕਹਾਣੀਆਂ ਘੜ ਲਈਆਂ ਹਨ, ਦੂਜਾ, ਉਹ ਪਰਮਾਤਮਾ ਨੂੰ ਨਿਰਾ ਮੰਦਰ ਵਿਚ ਬੈਠਾ ਸਮਝ ਕੇ ਮੰਦਰ ਦੀ ਪੂਜਾ ਕਰਦਾ ਹੈ। ਮੁਸਲਮਾਨ ਜਿਥੇ ਆਪਣੇ ਇਸ਼ਟ ਮੁਹੰਮਦ ਸਾਹਿਬ 'ਤੇ ਪੂਰੀ ਸ਼ਰਧਾ ਰੱਖਦਾ ਹੈ, ਉਥੇ ਰੱਬ ਨੂੰ ਕੇਵਲ ਮਸਜਿਦ ਵਿਚ ਜਾਣ ਕੇ ਮਸਜਿਦ ਨੂੰ ਹੀ ਰੱਬ ਦਾ ਘਰ ਸਮਝ ਰਿਹਾ ਹੈ। ਇਸ ਲਈ ਉਹ 'ਕਾਣਾ' ਹੈ; ਭਾਵ, ਉਸ ਦੀ ਇਕੋ ਅੱਖ ਖ਼ਰਾਬ ਹੈ।]

## *14. ਪ੍ਰਭੂ ਤੇ ਭਗਤ*

ਪ੍ਰਭੂ ਤੇ ਭਗਤ ਇਕ-ਦੂਜੇ ਦੇ ਪਿਆਰ ਵਿਚ ਬੱਝੇ ਰਹਿੰਦੇ ਹਨ। ਪ੍ਰਭੂ ਦੁਆਰਾ ਸੰਸਾਰਕ ਮੋਹ ਦੀ ਪਾਈ ਗੰਢ ਨੂੰ ਭਗਤ (ਪ੍ਰਭੂ-ਭਗਤੀ ਨਾਲ) ਖੋਲ੍ਹ ਲੈਂਦੇ ਹਨ, ਪਰ ਪ੍ਰਭੂ ਭਗਤਾਂ ਦੇ ਪਿਆਰ ਦੀ ਗੰਢ ਨੂੰ ਨਹੀਂ ਖੋਲ੍ਹਦਾ। ਜਦੋਂ ਜਦੋਂ ਭਗਤਾਂ ਦੀ ਜਾਨ ਤੇ ਬਣ ਆਉਂਦੀ ਹੈ ਤਾਂ ਪ੍ਰਭੂ ਭਗਤਾਂ ਦੀ ਰੱਖਿਆ ਕਰਦਾ ਹੈ :

**ਮੇਰੀ ਬਾਂਧੀ ਭਗਤੁ ਛਡਾਵੈ, ਬਾਂਧੈ ਭਗਤੁ ਨ ਛੂਟੈ ਮੋਹਿ ॥**
**ਏਕ ਸਮੈ ਮੋ ਕਉ ਗਹਿ ਬਾਂਧੈ, ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ੧ ॥**

*(ਸਾਰੰਗ, ਪੰਨਾ ੧੨੫੨)*

**ਹਰਨਾਖਸੁ ਜਿਨਿ ਨਖਹ ਬਿਦਾਰਿਓ, ਸੁਰਿ ਨਰ ਕੀਏ ਸਨਾਥਾ ॥**
**ਕਹਿ ਨਾਮਦੇਉ ਹਮ ਨਰਹਰਿ ਧਿਆਵਹ, ਰਾਮੁ ਅਭੈ ਪਦ ਦਾਤਾ ॥**

*(ਭੈਰਉ, ਪੰਨਾ ੧੧੬੫)*

[**ਅਰਥ :** ਨਾਮਦੇਵ ਆਖਦਾ ਹੈ—ਜਿਸ ਪ੍ਰਭੂ ਨੇ ਹਰਨਾਖਸ਼ ਨੂੰ ਨਹੁੰਆਂ ਨਾਲ ਚੀਰ ਦਿੱਤਾ, ਦੇਵਤਿਆਂ ਤੇ ਮਨੁੱਖਾਂ ਨੂੰ ਆਸਰਾ ਦਿੱਤਾ, ਮੈਂ ਵੀ ਉਸੇ ਪ੍ਰਭੂ ਨੂੰ ਸਿਮਰਦਾ ਹਾਂ; ਪ੍ਰਭੂ ਹੀ ਨਿਰਭੈਤਾ ਦਾ ਦਰਜਾ ਬਖ਼ਸ਼ਣ ਵਾਲਾ ਹੈ।]

## *15. ਕਰਮ-ਕਾਂਡ*

ਆਤਮਾ ਦੀ ਪਵਿੱਤਰਤਾ ਜਾਂ ਮੁਕਤੀ ਦੀ ਪ੍ਰਾਪਤੀ ਲਈ ਕੁਝ ਅਖੌਤੀ ਕਰਮ—ਪੁੱਠਾ ਲਟਕ ਕੇ ਤਪੱਸਿਆ ਕਰਨੀ, ਆਲੇ-ਦੁਆਲੇ ਅੱਗ ਜਲਾ ਕੇ ਵਿਚ ਬੈਠ ਕੇ ਸਮਾਧੀ ਲਾਉਣੀ, ਕਿਸੇ ਨਦੀ ਜਾਂ ਸਰੋਵਰ ਵਿਚ ਇਕ ਲੱਤ ਤੇ ਖੜ੍ਹੋ ਕੇ ਤਪੱਸਿਆ ਕਰਨੀ, ਤੀਰਥ-ਯਾਤਰਾ ਤੇ ਤੀਰਥ-ਇਸ਼ਨਾਨ ਕਰਨੇ, ਤੀਰਥਾਂ ਜਾਂ ਪਹਾੜਾਂ/ਜੰਗਲਾਂ ਵਿਚ ਜਾ ਕੇ ਵੱਸਣਾ, ਯੱਗ ਕਰਨੇ, ਪੁਜਾਰੀਆਂ ਨੂੰ ਕਈ ਤਰ੍ਹਾਂ ਦੇ ਦਾਨ ਦੇਣੇ, ਵਰਤ ਰੱਖਣੇ, ਕੁੰਭ ਦੇ ਮੇਲੇ 'ਤੇ ਕਿਸੇ ਧਾਰਮਿਕ ਅਸਥਾਨ ਤੇ ਜਾ ਕੇ ਇਸ਼ਨਾਨ ਕਰਨਾ, ਆਦਿਕ ਕੀਤੇ ਜਾਂਦੇ ਸਨ। ਇਹ ਵਿਅਰਥ ਕਰਮ ਹਨ, ਇਨ੍ਹਾਂ ਦਾ ਆਤਮਾ ਨੂੰ ਕੋਈ ਲਾਭ ਨਹੀਂ ਹੁੰਦਾ; ਸਰੀਰ ਨੂੰ ਕਸ਼ਟ ਜ਼ਰੂਰ ਹੁੰਦਾ ਹੈ। ਭਗਤ ਨਾਮਦੇਵ ਜੀ ਇਨ੍ਹਾਂ ਨੂੰ 'ਪਖੰਡ' ਦਾ ਨਾਮ ਦਿੰਦੇ ਹਨ ਤੇ ਪਖੰਡ ਕਰਨ ਵਾਲੇ ਨੂੰ 'ਕਪਟੀ' (ਧੋਖੇਬਾਜ਼) ਆਖਦੇ ਹਨ :

**ਬਾਨਾਰਸੀ ਤਪੁ ਕਰੈ ਉਲਟਿ, ਤੀਰਥ ਮਰੈ**
**ਅਗਨਿ ਦਹੈ, ਕਾਇਆ ਕਲਪੁ ਕੀਜੈ ॥**
**ਅਸੁਮੇਧ ਜਗੁ ਕੀਜੈ, ਸੋਨਾ ਗਰਭ ਦਾਨੁ ਦੀਜੈ**
**ਰਾਮ ਨਾਮ ਸਰਿ ਤਊ ਨ ਪੂਜੈ ॥ ੧ ॥**
***ਛੋਡਿ ਛੋਡਿ ਰੇ ਪਾਖੰਡੀ ਮਨ, ਕਪਟੁ ਨ ਕੀਜੈ ॥***
***ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥ ੧ ॥ ਰਹਾਉ ॥***
**ਗੰਗਾ ਜਉ ਗੋਦਾਵਰਿ ਜਾਈਐ, ਕੁੰਭਿ ਜਉ ਕੇਦਾਰ ਨ੍ਹਾਈਐ**

**ਗੋਮਤੀ ਸਹਸ ਗਊ ਦਾਨੁ ਦੀਜੈ ॥**
**ਕੋਟਿ ਜਉ ਤੀਰਥ ਕਰੈ, ਤਨੁ ਜਉ ਹਿਵਾਲੇ ਗਾਰੈ,**
**ਰਾਮ ਨਾਮ ਸਰਿ ਤਊ ਨ ਪੂਜੈ ॥ ੨ ॥**

*(ਰਾਮਕਲੀ, ਘਰੁ ੨, ਪੰਨਾ ੯੭੩)*

[**ਪਦ ਅਰਥ : ਉਲਟਿ**—ਪੁੱਠਾ ਲਟਕ ਕੇ। **ਦਹੈ**—ਸੜੇ। **ਕਾਇਆ ਕਲਪੁ**—ਯੋਗ ਅਭਿਆਸ ਆਦਿ ਨਾਲ ਸਰੀਰ ਨੂੰ ਨਵਾਂ-ਨਰੋਆ ਰੱਖਣਾ, ਬੁਢਾਪੇ ਤੋਂ ਬਚਾ ਲੈਣਾ। **ਅਸੁਮੇਧ ਜਗੁ**—ਉਹ ਯੱਗ ਜਿਸ ਵਿਚ ਘੋੜੇ ਦੀ ਬਲੀ ਦਿੱਤੀ ਜਾਂਦੀ ਹੈ। **ਗਰਭ ਦਾਨ**—ਫਲ ਆਦਿ ਵਿਚ ਲੁਕਾ ਕੇ ਦਿੱਤਾ ਦਾਨ। **ਸਰਿ**—ਬਰਾਬਰ। **ਕੇਦਾਰ**—ਕੇਦਾਰ ਨਾਥ ਦਾ ਤੀਰਥ, ਜਿਥੇ ਸ਼ਿਵ-ਮੰਦਰ ਹੈ। **ਗੋਮਤੀ**—ਉੱਤਰ ਪ੍ਰਦੇਸ਼ ਦੀ ਇਕ ਨਦੀ। **ਗੋਦਾਵਰਿ**—ਦੱਖਣ ਦੀ ਇਕ ਨਦੀ, ਜੋ ਅੰਧ-ਵਿਸ਼ਵਾਸ ਅਨੁਸਾਰ ਸਵਰਗ ਦਿੰਦੀ ਹੈ। **ਸਹਸ**—ਹਜ਼ਾਰ। **ਕੋਟਿ**—ਕ੍ਰੋੜਾਂ। **ਹਿਵਾਲੇ**—ਹਿਮਾਲੇ ਪਰਬਤ ਉੱਤੇ, ਬਰਫ਼ ਵਿਚ।]

## *16. ਮੂਰਤੀ ਪੂਜਾ*

ਮੰਦਰਾਂ ਵਿਚ ਦੇਵੀ-ਦੇਵਤਿਆਂ, ਸ਼ਿਵ-ਲਿੰਗ, ਠਾਕੁਰਾਂ ਆਦਿ ਦੀਆਂ ਪੱਥਰ ਦੀਆਂ ਜਾਂ ਹੋਰ ਧਾਤਾਂ ਦੀਆਂ ਮੂਰਤੀਆਂ ਦੀ ਪੂਜਾ ਆਮ ਕੀਤੀ ਜਾਂਦੀ ਹੈ। ਭਗਤ ਜੀ ਨੇ ਮੂਰਤੀ-ਪੂਜਾ ਦਾ ਸਖ਼ਤ ਖੰਡਨ ਕੀਤਾ ਹੈ। ਮੂਰਤੀਆਂ ਦੀ ਪੂਜਾ ਲਈ ਵਿਸ਼ੇਸ਼ ਸੁੱਚੀ (ਪਵਿੱਤਰ) ਸਮੱਗਰੀ ਵਰਤੀ ਜਾਂਦੀ ਹੈ। ਭਗਤ ਜੀ ਨੇ ਵਿਅੰਗ ਕੱਸਦਿਆਂ ਕਿਹਾ ਹੈ ਕਿ ਪੂਜਾ-ਸਮੱਗਰੀ ਦੀ ਹਰੇਕ ਵਸਤੂ ਤਾਂ ਪਹਿਲਾਂ ਹੀ ਜੂਠੀ ਹੋ ਚੁੱਕੀ ਹੁੰਦੀ ਹੈ, ਇਸ ਲਈ ਪੂਜਾ ਤਾਂ ਹੋ ਹੀ ਨਹੀਂ ਸਕਦੀ :

**ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥**
**ਜੇ ਓਹੁ ਦੇਉ, ਤ ਓਹੁ ਭੀ ਦੇਵਾ ॥**
**ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥**

*(ਗੂਜਰੀ, ਪੰਨਾ ੫੨੫)*

**ਆਨੀਲੇ ਕੁੰਭ, ਭਰਾਈਲੇ ਊਦਕ, ਠਾਕੁਰ ਕਉ ਇਸਨਾਨੁ ਕਰਉ ॥**
**ਬਇਆਲੀਸ ਲਖ ਜੀ ਜਲ ਮਹਿ ਹੋਤੇ**
**ਬੀਠਲੁ ਭੈਲਾ ਕਾਇ ਕਰਉ ॥ ੧ ॥**

... ... ... ...

**ਆਨੀਲੇ ਫੂਲ, ਪਰੋਈਲੇ ਮਾਲਾ, ਠਾਕੁਰ ਕੀ ਹਉ ਪੂਜ ਕਰਉ ॥**
**ਪਹਿਲੇ ਬਾਸੁ ਲਈ ਹੈ ਭਵਰਹ, ਬੀਠਲ ਭੈਲਾ ਕਾਇ ਕਰਉ ॥ ੨ ॥**
**ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥**
**ਪਹਿਲੇ ਦੂਧੁ ਬਿਟਾਰਿਓ ਬਛਰੈ, ਬੀਠਲੁ ਭੈਲਾ ਕਾਇ ਕਰਉ ॥ ੩ ॥**

*(ਆਸਾ, ਪੰਨਾ ੪੮੫)*

[ਭਾਵ : ਪਾਣੀ ਜਲ ਦੇ ਜੀਵਾਂ ਨੇ, ਭੂੱਲ ਭੰਵਰੇ ਨੇ ਅਤੇ ਦੁੱਧ ਗਾਂ/ਮੱਝ ਦੇ ਬਛਰੇ ਨੇ ਪਹਿਲਾਂ ਹੀ ਜੂਠਾ (ਅਪਵਿੱਤਰ) ਕਰ ਦਿੱਤਾ ਹੈ, ਇਸ ਲਈ ਮੂਰਤੀ ਦੀ ਪੂਜਾ ਨਹੀਂ ਹੋ ਸਕਦੀ।]

ਮੂਰਤੀ-ਪੂਜਕਾਂ ਦਾ ਬੀਠਲੁ ਜਾਂ ਠਾਕੁਰ ਤਾਂ ਮੰਦਰ ਵਿਚ, ਮੂਰਤੀ ਦੇ ਰੂਪ ਵਿਚ ਸਥਾਪਿਤ ਕੀਤਾ ਹੋਇਆ ਹੈ; ਪਰ, ਜਿਸ ਬੀਠਲ-ਪ੍ਰਭੂ ਦੀ ਸਿਫ਼ਤ-ਸਾਲਾਹ (ਪੂਜਾ) ਭਗਤ ਜੀ ਕਰਦੇ ਹਨ, ਉਹ ਕਿਸੇ ਧਰਮ ਅਸਥਾਨ ਵਿਚ ਹੀ ਨਹੀਂ ਸਗੋਂ ਸ੍ਰਿਸ਼ਟੀ ਦੇ ਜ਼ੱਰੇ-ਜ਼ੱਰੇ ਵਿਚ ਮੌਜੂਦ ਹੈ। ਇਸੇ ਲਈ ਉਪ੍ਰੋਕਤ ਸ਼ਬਦ ਦੇ ਅੰਤ ਵਿਚ ਆਪ ਆਖਦੇ ਹਨ :

**ਈਭੈ ਬੀਠਲੁ, ਊਭੈ ਬੀਠਲੁ, ਬੀਠਲ ਬਿਨੁ ਸੰਸਾਰੁ ਨਹੀ॥**
**ਥਾਨ ਥਨੰਤਰਿ ਨਾਮਾ ਪ੍ਰਣਵੈ, ਪੂਰਿ ਰਹਿਓ ਤੂੰ ਸਰਬ ਮਹੀ॥ ੪॥**

*(ਆਸਾ, ਪੰਨਾ ੪੮੫)*

## *17. ਦੇਵੀ-ਦੇਵਤਿਆਂ ਦੀ ਪੂਜਾ*

ਦੇਵੀ-ਦੇਵਤਿਆਂ ਦੀ ਪੂਜਾ ਵੱਖ-ਵੱਖ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ, ਦੁੱਖਾਂ-ਮੁਸੀਬਤਾਂ ਤੋਂ ਬਚਣ ਅਤੇ ਦੇਵੀ-ਦੇਵਤਿਆਂ ਦੀ ਕਰੋਪੀ ਤੋਂ ਬਚਣ ਲਈ ਕੀਤੀ ਜਾਂਦੀ ਹੈ। ਭਗਤਾਂ ਲਈ ਦਾਤਾਂ ਦੇਣ ਵਾਲਾ ਅਤੇ ਰੱਖਿਆ ਕਰਨ ਵਾਲਾ ਕੇਵਲ ਇਕ ਪਰਮਾਤਮਾ ਹੀ ਹੁੰਦਾ ਹੈ, ਇਸ ਲਈ ਉਹ ਦੇਵੀ-ਦੇਵਤਿਆਂ ਨੂੰ ਕੋਈ ਮਹੱਤਤਾ ਨਹੀਂ ਦਿੰਦੇ ਅਤੇ ਪਰਮਾਤਮਾ ਦਾ ਹੀ ਸਿਮਰਨ ਕਰਦੇ ਹਨ। ਉਂਝ ਵੀ ਜਿਸ ਦੀ ਪੂਜਾ ਕਰੀਏ ਉਸ ਦੇ ਗੁਣ ਮਨ ਵਿਚ ਵੱਸ ਜਾਂਦੇ ਹਨ, ਉਸ ਵਰਗੇ ਬਣ ਜਾਈਦਾ ਹੈ। ਦੇਵੀ-ਦੇਵਤੇ ਕਿਉਂਕਿ ਖੁਦ ਜਨਮ-ਮਰਨ ਦੇ ਗੇੜ ਵਿਚ ਪੈਂਦੇ ਹਨ, ਇਸ ਲਈ ਉਹ ਆਪਣੇ ਸ਼ਰਧਾਲੂਆਂ ਨੂੰ ਮੁਕਤੀ ਨਹੀਂ ਦਿਵਾ ਸਕਦੇ। ਮੁਕਤੀ ਕੇਵਲ ਪ੍ਰਭੂ ਦਾ ਨਾਮ ਸਿਮਰ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ :

**ਭੈਰਉ ਭੂਤ ਸੀਤਲਾ ਧਾਵੈ ॥**
**ਖਰ ਬਾਹਨੁ ਉਹੁ ਛਾਰੁ ਉਡਾਵੈ ॥ ੧ ॥**
**ਹਉ ਤਉ ਏਕੁ ਰਮਈਆ ਲੈਹਉ॥**
**ਆਨ ਦੇਵ ਬਦਲਾਵਨਿ ਦੈਹਉ॥ ੧ ॥ ਰਹਾਉ ॥**
**ਸਿਵ ਸਿਵ ਕਰਤੇ ਜੋ ਨਰੁ ਧਿਆਵੈ॥**
**ਬਰਦ ਚਢੇ ਡਉਰੂ ਢਮਕਾਵੈ॥ ੨॥**
**ਮਹਾ ਮਾਈ ਕੀ ਪੂਜਾ ਕਰੈ॥**
**ਨਰ ਸੈ ਨਾਰਿ ਹੋਇ ਅਉਤਰੈ॥ ੩॥**
**ਤੂ ਕਹੀਅਤ ਹੀ ਆਦਿ ਭਵਾਨੀ॥**
**ਮੁਕਤਿ ਕੀ ਬਰੀਆ ਕਹਾ ਛਪਾਨੀ ॥ ੪॥**
**ਗੁਰਮਤਿ ਰਾਮ ਨਾਮ ਗਹੁ ਮੀਤਾ॥**
**ਪ੍ਰਣਵੈ ਨਾਮਾ ਇਉ ਕਹੈ ਗੀਤਾ॥ ੫॥** *(ਗੋਂਡ, ਪੰਨਾ ੮੭੪)*

[**ਪਦ ਅਰਥ : ਭੈਰਉ**—ਸ਼ਿਵ ਜੀ ਦਾ ਇਕ ਰੂਪ। **ਸੀਤਲਾ**—ਚੀਚਕ ਦੀ ਇਕ ਦੇਵੀ। **ਖਰ ਬਾਹਨੁ**—ਖੋਤੇ ਦੀ ਸਵਾਰੀ ਕਰਨ ਵਾਲਾ। **ਛਾਰੁ**—ਸੁਆਹ। **ਬਰਦ**—ਬਲਦ (ਜੋ ਕਿ ਸ਼ਿਵ ਜੀ ਦੀ ਸਵਾਰੀ ਹੈ)। **ਮਹਾ ਮਾਈ**—ਪਾਰਬਤੀ ਦੇਵੀ। **ਅਉਤਰੈ**—ਜੰਮਦਾ ਹੈ। **ਭਵਾਨੀ**—ਦੁਰਗਾ ਦੇਵੀ। **ਬਰੀਆ**—ਵਾਰੀ। **ਛਪਾਨੀ**—ਲੁੱਕ ਜਾਂਦੀ ਹੈ। **ਗਹੁ**—ਫੜ (ਆਸਰਾ) ਲੈ।]

## *18. ਮਾਇਆ ਦਾ ਪ੍ਰਭਾਵ*

'ਮਾਇਆ' ਸ਼ਬਦ ਆਮ ਤੌਰ ਤੇ ਧਨ ਲਈ ਵਰਤਿਆ ਜਾਂਦਾ ਹੈ। ਉਂਞ ਹਰੇਕ ਐਸੀ ਚੀਜ਼ ਮਾਇਆ ਹੈ, ਜਿਸ ਨਾਲ ਪ੍ਰੀਤ ਪੈਣ ਕਰਕੇ ਪਰਮਾਤਮਾ ਵਿਸਰ ਜਾਂਦਾ ਹੈ। ਮਾਇਆ (ਸੰਸਾਰਕ ਪਦਾਰਥਾਂ ਦਾ ਮੋਹ) ਤਿਆਗ ਕੇ ਹੀ ਪ੍ਰਭੂ ਨਾਲ ਸਾਂਝੀ ਪਾਈ ਜਾ ਸਕਦੀ ਹੈ ਅਥਵਾ ਜਨਮ ਸਫਲ ਕੀਤਾ ਜਾ ਸਕਦਾ ਹੈ। ਮਾਇਆ ਹੀ ਮਨੁੱਖ ਨੂੰ ਜਨਮ-ਮਰਨ ਦੇ ਗੇੜ ਵਿਚ ਪਾਉਂਦੀ ਹੈ। ਪਰ ਮਨੁੱਖ ਦੀ ਹਾਲਤ ਇਹ ਹੈ ਕਿ ਉਹ ਦਿਨ-ਰਾਤ ਧਨ-ਪਦਾਰਥ ਇਕੱਤਰ ਕਰਨ ਵਿਚ ਲੱਗਾ ਰਹਿੰਦਾ ਹੈ; ਮਾਇਆ ਨੂੰ ਲੁਕੋ ਕੇ ਰੱਖਦਾ ਹੈ, ਉਹ ਇਹ ਨਹੀਂ ਸਮਝਦਾ ਕਿ ਅੰਤ ਸਮੇਂ ਮਾਇਆ ਨੇ ਸਾਥ ਨਹੀਂ ਦੇਣਾ, ਇਥੇ ਸੰਸਾਰ ਵਿਚ ਹੀ ਰਹਿ ਜਾਣੀ ਹੈ। ਮਾਇਆ ਹੀ ਮਨੁੱਖ ਨੂੰ ਹੰਕਾਰੀ, ਵਿਕਾਰੀ ਤੇ ਤ੍ਰਿਸ਼ਨਾਲੂ ਬਣਾਉਂਦੀ ਹੈ। ਪ੍ਰਭੂ ਦੀ ਸ਼ਰਨ ਵਿਚ ਆ ਕੇ ਹੀ ਮਾਇਆ ਤੋਂ ਬਚਿਆ ਜਾ ਸਕਦਾ ਹੈ :

**ਇਹ ਸੰਸਾਰ ਤੇ ਤਬ ਹੀ ਛੂਟਉ, ਜਉ ਮਾਇਆ ਨਹ ਲਪਟਾਵਉ ॥**
**ਮਾਇਆ ਨਾਮੁ ਗਰਭ ਜੋਨਿ ਕਾ, ਤਿਹ ਤਜਿ ਦਰਸਨੁ ਪਾਵਉ ॥ ੩ ॥**

*(ਧਨਾਸਰੀ, ਪੰਨਾ ੬੯੩)*

**ਮਾਇਆ ਕਾਰਨਿ ਸ੍ਰਮੁ ਅਤਿ ਕਰੈ ॥**
**ਸੋ ਮਾਇਆ ਲੈ ਗਾਡੈ ਧਰੈ ॥**
**ਅਤਿ ਸੰਚੈ ਸਮਝੈ ਨਹੀ ਮੂੜ੍ਹ ॥**
**ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥ ੩ ॥**
**ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥**
**ਸਾਧਸੰਗਤਿ ਕਬਹੂ ਨਹੀ ਕਰੈ ॥**
**ਕਹਤ ਨਾਮਦੇਉ ਤਾ ਚੀ ਆਣਿ ॥**
**ਨਿਰਭੈ ਹੋਇ ਭਜੀਐ ਭਗਵਾਨ ॥ ੪ ॥**

*(ਸਾਰੰਗ, ਪੰਨਾ ੧੨੫੨)*

## *19. ਵਿਕਾਰਾਂ ਦੀ ਅੱਗ*

ਪੰਜ ਵਿਕਾਰ—ਕਾਮ, ਕ੍ਰੋਧ, ਲੋਭੁ, ਮੋਹ, ਹੰਕਾਰ—ਮਾਇਆ ਦੇ ਹਥਿਆਰ ਹਨ। ਇਹ ਮਨੁੱਖ ਦੇ ਆਤਮਕ ਜੀਵਨ ਨੂੰ ਤਬਾਹ ਕਰ ਕੇ ਰੱਖ ਦਿੰਦੇ ਹਨ। ਪ੍ਰਭੂ ਤੋਂ ਦੂਰ ਕਰ ਕੇ ਜ਼ਨਮ-ਮਰਨ ਦੇ ਗੇੜ ਵਿਚ ਪਾ ਦਿੰਦੇ ਹਨ। ਇਨ੍ਹਾਂ ਦੇ ਪ੍ਰਭਾਵ ਹੇਠ ਮਨੁੱਖ ਆਤਮਕ ਜੀਵਨ ਦੇਣ ਵਾਲੇ ਨਾਮ-ਅੰਮ੍ਰਿਤ ਨੂੰ ਤਿਆਗ ਕੇ ਪਾਪ-ਕਰਮਾਂ ਵਿਚ ਲੱਗ ਜਾਂਦਾ ਹੈ :

ਘਰ ਕੀ ਨਾਰਿ ਤਿਆਗੈ ਅੰਧਾ ॥
ਪਰ ਨਾਰੀ ਸਿਉ ਘਾਲੈ ਧੰਧਾ ॥
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥
ਅੰਤ ਕੀ ਬਾਰ ਮੂਆ ਲਪਟਾਨਾ ॥ ੧ ॥
ਪਾਪੀ ਕਾ ਘਰੁ ਅਗਨੇ ਮਾਹਿ ॥
ਜਲਤ ਰਹੈ ਮਿਟਵੈ ਕਬ ਨਾਹਿ ॥ ੧ ॥ ਰਹਾਉ ॥
ਹਰਿ ਕੀ ਭਗਤਿ ਨ ਦੇਖੈ ਜਾਇ ॥
ਮਾਰਗੁ ਛੋਡਿ ਅਮਾਰਗਿ ਪਾਇ ॥
ਮੂਲਹੁ ਭੂਲਾ ਆਵੈ ਜਾਇ ॥
ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥ ੨ ॥ *(ਪੰਨਾ ੧੧੬੪)*

[**ਪਦ ਅਰਥ : ਘਾਲੈ-ਧੰਧਾ**—(ਮੰਦਾ ਕਰਮ) ਕਰਦਾ ਹੈ। **ਸੂਆ**—ਤੋਤਾ। **ਬਿਗਸਾਨਾ**—ਖ਼ੁਸ਼ ਹੁੰਦਾ ਹੈ। **ਅਗਨੇ ਮਾਹਿ**—ਅੱਗ ਵਿਚ। **ਅਮਾਰਗਿ**—ਕੁਰਾਹੇ। **ਮੂਲਹੁ**—ਜਗਤ ਦੇ ਮੁੱਢ ਪ੍ਰਭੂ ਤੋਂ। **ਡਾਰਿ**—ਖੋਲ੍ਹ ਕੇ। **ਲਾਦਿ**—ਲੱਦ ਕੇ, ਇਕੱਠਾ ਕਰ ਕੇ।]

## *20. ਹੰਕਾਰ ਦਾ ਤਿਆਗ*

ਮਨੁੱਖ ਆਪਣੀ ਜੁਆਨੀ, ਸੁੰਦਰ ਸਰੀਰ, ਪਦ-ਪਦਵੀ, ਧਨ-ਸੰਪਤੀ ਆਦਿ ਦੇ ਹੰਕਾਰ ਵਿਚ ਆਕੜਿਆ ਫਿਰਦਾ ਹੈ ਅਤੇ ਰੱਬ ਤੇ ਮੌਤ ਨੂੰ ਭੁੱਲ ਜਾਂਦਾ ਹੈ। ਮੌਤ ਆਉਂਦੀ ਹੈ, ਮਨੁੱਖ ਮਿੱਟੀ ਦੀ ਢੇਰੀ ਬਣ ਜਾਂਦਾ ਹੈ, ਸਾਰੀ ਫੂੰਅ-ਫਾਂ ਖ਼ਤਮ ਹੋ ਜਾਂਦੀ ਹੈ। ਅਸਲ ਪਿਆਰ ਕਰਨਯੋਗ ਤਾਂ ਪ੍ਰਭੂ ਹੈ, ਜਿਸ ਨੇ ਸਾਥ ਨਿਭਾਉਣਾ ਹੈ :

ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥
ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ੧ ॥
ਹਮਰੋ ਕਰਤਾ ਰਾਮੁ ਸਨੇਹੀ ॥
ਕਾਹੇ ਰੇ ਨਰ ਗਰਬੁ ਕਰਤ ਹਹੁ,
ਬਿਨਸਿ ਜਾਇ ਝੂਠੀ ਦੇਹੀ ॥ ੧ ॥ ਰਹਾਉ ॥ *(ਪੰਨਾ ੬੯੨)*

[**ਅਰਥ :** ਜਿਨ੍ਹਾਂ ਨੇ ਡੂੰਘੀਆਂ ਨੀਹਾਂ ਪੁਟਵਾ ਕੇ, ਉੱਤੇ ਮਹਿਲ-ਮਾੜੀਆਂ ਉਸਰਾਏ (ਉਨ੍ਹਾਂ ਦੇ ਮਹਿਲ ਮਾੜੀਆਂ ਇਥੇ ਰਹਿ ਗਏ)। ਮਾਰਕੰਡੇ ਰਿਸ਼ੀ ਨਾਲੋਂ ਕਿਸ ਦੀ ਵੱਡੀ ਉਮਰ ਹੋਵੇਗੀ ? ਪਰ, ਉਸ ਨੇ ਕੱਖਾਂ ਦੀ ਕੁੱਲੀ ਵਿਚ ਹੀ ਝੱਟ ਲੰਘਾ ਲਿਆ। ੧।

ਹੇ ਭਰਾਵੋ ! ਆਪਣੇ ਸਰੀਰ ਦਾ ਮਾਣ ਕਿਉਂ ਕਰਦੇ ਹੋ ? ਇਹ ਸਰੀਰ ਨਾਸ਼ਵੰਤ ਹੈ, ਨਾਸ਼ ਹੋ ਜਾਏਗਾ। ਸਾਡਾ ਅਸਲ ਪਿਆਰ (ਜਿਸ ਨੇ ਸਾਥ ਨਿਭਾਉਣਾ ਹੈ) ਤਾਂ ਕਰਤਾਰ ਹੈ, ਪਰਮਾਤਮਾ ਹੈ।]

## 21. ਜਗਤ-ਪ੍ਰਭੂ ਦੀ ਖੇਡ

ਇਹ ਸਾਰਾ ਸੰਸਾਰ ਪ੍ਰਭੂ ਦੀ ਖੇਡ ਹੈ; ਉਸੇ ਦਾ ਬਣਾਇਆ ਹੋਇਆ ਹੈ। ਪ੍ਰਭੂ ਅਮਰ ਹੈ, ਜਿਹੜੇ ਜੀਵ ਪ੍ਰਭੂ ਨੂੰ ਆਪਣੇ ਹਿਰਦੇ ਵਸਾਉਂਦੇ ਹਨ, ਉਹ ਉਸ ਵਿਚ ਸਮਾ ਕੇ ਅਮਰ ਹੋ ਜਾਂਦੇ ਹਨ :

ਅਕੁਲ ਪੁਰਖ ਇਕੁ ਚਲਿਤੁ ਉਪਾਇਆ॥
ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥ ੧॥
ਜੀਅ ਕੀ ਜੋਤਿ ਨ ਜਾਨੈ ਕੋਈ॥
ਤੈ ਮੈ ਕੀਆ ਸੁ ਮਾਲੂਮੁ ਹੋਈ ॥ ੧॥ ਰਹਾਉ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ॥
ਆਪ ਹੀ ਕਰਤਾ ਬੀਠੁਲੁ ਦੇਉ ॥ ੨॥
ਜੀਅ ਕਾ ਬੰਧਨੁ ਕਰਮੁ ਬਿਆਪੈ॥
ਜੋ ਕਿਛੁ ਕੀਆ ਸੁ ਆਪੈ ਆਪੈ॥ ੩॥
ਪ੍ਰਣਵਤਿ ਨਾਮਦੇਉ, ਇਹੁ ਜੀਉ ਚਿਤਵੈ ਸੁ ਲਹੈ॥
ਅਮਰੁ ਹੋਇ ਸਦ ਆਕੁਲ ਰਹੈ ॥ ੪॥

*(ਪ੍ਰਭਾਤੀ, ਪੰਨਾ ੧੩੫੧)*

[ਪਦ ਅਰਥ : **ਅਕੁਲ**—ਜਿਸਦੀ ਕੋਈ ਕੁਲ (ਖ਼ਾਨਦਾਨ, ਵੰਸ਼) ਨਹੀਂ। **ਪੁਰਖ**—ਸਭ ਵਿਚ ਵਿਆਪਕ। **ਚਲਿਤੁ**—ਜਗਤ ਰੂਪੀ ਤਮਾਸ਼ਾ (ਖੇਡ)। **ਤੈ ਮੈ**—ਤੂੰ ਤੇ ਮੈਂ, ਅਸੀਂ ਸਾਰੇ ਜੀਵ। **ਕਰਮੁ**—ਕੀਤਾ ਹੋਇਆ ਕੰਮ। **ਬਿਆਪੈ**—ਦਬਾਅ ਪਾ ਰੱਖਦਾ ਹੈ। **ਅਮਰੁ**—ਮੌਤ ਰਹਿਤ। **ਆਕੁਲ**—ਸਰਬ ਵਿਆਪਕ।]

## ਸਹਾਇਕ ਪੁਸਤਕਾਂ

1. ਨਾਮਦੇਵ : ਜੀਵਨ ਤੇ ਦਰਸ਼ਨ/ਪ੍ਰਭਾਕਰ ਮਾਂਚਵੇ/ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. ਭਗਤ ਬਾਣੀ ਸਟੀਕ, ਹਿੱਸਾ ਤੀਜਾ/ਪ੍ਰੋ: ਸਾਹਿਬ ਸਿੰਘ/ਸਿੰਘ ਬ੍ਰਦਰਜ਼, ਅੰਮ੍ਰਿਤਸਰ।
3. ਭਗਤ ਨਾਮਦੇਵ ਤਥਾ ਹੋਰ ਭਗਤ-ਜੀਵਨੀ ਤੇ ਰਚਨਾ/ਭਾਈ ਜੋਧ ਸਿੰਘ/ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. ਸੇ ਭਗਤ ਸਤਿਗੁਰ ਮਨਿ ਭਾਏ/ਸੰਪਾ: ਰੂਪ ਸਿੰਘ/ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ।
5. ਭਗਤ ਦਰਸ਼ਨ/ਗਿਆਨੀ ਪ੍ਰਤਾਪ ਸਿੰਘ/ਸਿੰਘ ਬ੍ਰਦਰਜ਼, ਅੰਮ੍ਰਿਤਸਰ।
6. ਇਤਿਹਾਸ ਗੁਰਦੁਆਰਾ ਜਨਮ ਸਥਾਨ ਭਗਤ ਨਾਮਦੇਵ ਜੀ/ਸ: ਪੂਰਨ ਸਿੰਘ/ਸ਼੍ਰੋਮਣੀ ਭਗਤ ਨਾਮਦੇਵ ਜੀ ਮੈਮੋਰੀਅਲ ਐਸੋਸੀਏਸ਼ਨ, ਪੰਜਾਬ।